
1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 17

੩੧ ਅੱਸੂ ਤੋਂ ੧੫ ਕੱਤਕ ੨੦੮੨ ਬਿ.
16 to 31 October 2025

# ਸਤਿਜੁਗ



10/-

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਪਟਨਾ ਸਾਹਿਬ ਤੋਂ ਆਰੰਭ ਹੋਏ ਨਗਰ ਕੀਰਤਨ ਦੀਆਂ ਯਾਦਗਾਰੀ ਤਸਵੀਰਾਂ।






















# ਸਤਿਜੁਗ

ਤ੧ ਅੱਸੂ ਤੋਂ ੧੫ ਕੱਤਕ ੨੦੮੨ ਬਿ.
16 ਤੋਂ 31 ਅਕਤੂਬਰ 2025 ਈ.
ਜਿਲਦ 105, ਨੰਬਰ 17



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ......................................................4
* ਗੁਰਬਾਣੀ ਵਿਆਖਿਆ............................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ..............................8
* "ਨਾ ਜਾਨਾ ਬੈਕੁੰਠ ਕਹਾ ਹੀ"
ਗੁਰੂਬਚਨ ਸਿੰਘ ਨਾਮਧਾਰੀ............................10
* ਵੀਹ ਸਾਲ ਦੀ ਇਕਾਂਤ ਸਾਧਨਾ
ਡਾ. ਤ੍ਰਿਲੋਚਨ ਸਿੰਘ..................................13
* ਹੜ੍ਹ, ਕੁਦਰਤ ਅਤੇ ਮਨੁੱਖ
ਬਲਦੇਵ ਸਿੰਘ, ਦਰਸ਼ਨ ਸਿੰਘ ਭੁੱਲਰ..................16
* ਲਾਹਣਤ (ਕਹਾਣੀ)
ਤੇਲੂ ਰਾਮ ਰਾਮ ਕੁਹਾੜਾ...............................18
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................20
* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................23
* The Namdhari Contribution to India's Freedom Struggle..26
* MURDER OFBEEF BUTCHERS BY KUKAS
Dr. Gurdev Singh Sidhu..........................................29
* ਕਾਵਿ - ਕਿਆਰੀ.........................................................35
* ਸੁੱਚੇ ਮੋਤੀ......................................................36
* ਖ਼ਬਰਨਾਮਾ.....................................................37
* Matrimonial..............................................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਸਤਿਗੁਰੂ ਅਰਜਨ ਦੇਵ ਜੀ "ਅਬ ਕਲੂ ਆਇਓ ਰੇ ਇਕ ਨਾਮੁ ਬੋਵਹੁ ਬੋਵਹੁ ਅਨ ਰੁਤਿ ਨਾਹੀ ਨਾਹੀ॥" ਦੀ ਅਵਾਜ਼ ਲਗਾ ਹਰ ਮਨੁੱਖੀ ਮਨ ਨੂੰ ਸੁਚੇਤ ਕਰ ਰਹੇ ਹਨ ਕਿ ਇਹ ਰੁੱਤ, ਸਰੀਰ ਰੂਪੀ ਧਰਤੀ ਅੰਦਰ ਨਾਮ ਬੀਜਣ ਦੀ ਹੈ। ਜੇ ਸਮਾਂ ਨਿਕਲ ਗਿਆ ਤਾਂ ਫਿਰ ਹਾਲਤ ਇਹ ਹੋਵੇਗੀ-

ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ॥

ਇਸ ਲਈ ਸਵਾਸ ਰਹਿੰਦੇ ਹੀ ਜੇ ਪ੍ਰਭੂ ਨਾਮ ਦਾ ਬੀਜ ਹਿਰਦੇ ਵਿੱਚ ਪੁੰਗਰ ਜਾਵੇ ਤਾਂ ਜੀਵਨ ਸਫ਼ਲਾ ਹੋ ਸਕਦਾ ਹੈ। ਸਤਿਗੁਰੂ ਰਾਮਦਾਸ ਜੀ ਸਾਨੂੰ ਸਮਝਾਉਂਦੇ ਹੋਏ ਇਸ ਨਾਮ ਨੂੰ ਬੀਜਣ ਦੇ ਸਮੇਂ ਬਾਰੇ ਵੀ ਲਿਖਦੇ ਹਨ-

ਹਰ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥

ਇਹ ਮਹੀਨਾ (ਅੱਸੂ) ਨਾਮਧਾਰੀ ਸਮਾਜ ਲਈ ਬਹੁਤ ਮਹੱਤਵਪੂਰਨ ਹੈ। ਇਸ ਨੂੰ ਪ੍ਰਯੋਗ ਦਾ ਮਹੀਨਾ ਆਖਿਆ ਜਾਂਦਾ ਹੈ। ਪ੍ਰਯੋਗ ਭਾਵ *Experiment* ਆਪਣੇ ਤਨ ਅਤੇ ਮਨ ਨੂੰ ਆਪਣੇ ਅਨੁਸਾਰੀ ਕਰਨ ਦਾ ਵੇਲ਼ਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਇਸ ਮਹਾਨ ਕਾਰਜ ਦੀ ਆਰੰਭਤਾ ਕੀਤੀ ਤਾਂ ਦ੍ਰਿੜ ਨਿਸਚੇ ਨਾਲ ਆਪ ਪੰਡਿਤ ਬਸੰਤ ਸਿੰਘ ਗੜ੍ਹ ਪਧਾਣੇ ਵਾਲਿਆਂ ਨੂੰ ਨਾਲ ਲੈ ਸਰਹੰਦ ਨਹਿਰ ਵੱਲ ਤੁਰੇ। ਮਾਤਾ ਜੀਵਨ ਕੌਰ ਜੀ ਰਾਹ ਰੋਕ ਕਿਹਾ "ਪ੍ਰਤਾਪ ਸਿਹਾਂ ਤੂੰ ਤਾਂ ਪਹਿਲਾ ਹੀ ਬਹੁਤ ਬੰਦਗੀ ਕੀਤੀ ਹੈ। ਤੈਨੂੰ ਕੀ ਲੋੜ ਹੈ" ਸਤਿਗੁਰੂ ਜੀ ਜਵਾਬ ਦਿੱਤਾ "ਮਾਤਾ ਜੀ ਮੈਂ ਬਹਿਆ ਨਹੀਂ ਖਾਣਾ ਤਾਜਾ ਖਾਣਾ ਹੈ "ਇਹ ਵਖਤ ਹੈ ਜਪੁ ਤਪੁ ਦਾ ਬੇੜਾ ਬੰਨਣ ਦਾ" ਮਾਤਾ ਜੀ ਸਤਿ ਬਚਨ ਕੀਤਾ। ਸਤਿਗੁਰੂ ਜੀ ਦੀ ਇਸ ਕਥਾ ਵਿਚੋਂ ਸਾਨੂੰ ਇਹ ਸਮਝ ਪਈ ਕਿ ਭਾਂਵੇ ਪਹਿਲਾਂ ਕੀਤੇ ਜਪੁ ਤਪੁ ਕਾਰਨ ਤੈਨੂੰ ਇਹ ਸੁੰਦਰ ਸਰੀਰ, ਭਲਾ ਪਰਿਵਾਰ ਅਤੇ ਗੁਰਮੁੱਖਾਂ ਦੀ ਸੰਗਤ ਮਿਲੀ ਹੈ ਤਾਂ ਵੀ ਤੂੰ ਹੁਣ ਉਸ ਪ੍ਰਭੂ ਨਾਮ ਨੂੰ ਜੱਪਣ ਲਈ ਢਿਲ ਨਾ ਦਿਖਾ ਗੁਰੂ ਅਮਰਦਾਸ ਜੀ ਆਖਦੇ ਹਨ–

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥

ਮੋਹ ਮਾਇਆ ਦੇ ਜੋਰ ਕਾਰਨ ਅਸੀਂ ਪ੍ਰਭੂ ਨਾਮ ਤੋਂ ਟੁੱਟ ਜਾਂਦੇ ਹਾਂ। ਮਨ ਬਜ਼ਾਰ ਦੀ ਚਕਾ ਚੌਂਧ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦਾ। ਚੰਗਾ ਮਾੜਾ ਖਾਣ-ਪੀਣ ਸੁਨਣ ਵੇਖਣ ਕਰਕੇ ਸਰੀਰ ਰੋਗੀ ਅਤੇ ਸੋਗੀ ਬਣ ਜਾਂਦਾ ਹੈ। ਇਹ ਮਹੀਨਾ ਆਉਂਦੇ ਹੀ ਸਾਨੂੰ ਨਵੀਂ ਪ੍ਰੇਰਨਾ ਮਿਲਦੀ ਹੈ, ਆਪਣੀ ਜ਼ਿੰਦਗੀ ਦੀ ਨਿੱਤ ਚਰਿਆ ਨੂੰ ਬਦਲਣ ਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕੀਤਾ ਕਠਨ ਜਪੁ ਤਪੁ ਸਾਨੂੰ ਯਾਦ ਆਉਂਦਾ ਹੈ, ਕਿਵੇਂ ਕੱਖਾਂ ਕਾਨਿਆਂ ਦੀ ਝੁੱਗੀ ਵਿੱਚ ਰਹਿ ਕੇ ਉਹਨਾਂ ਨਹਿਰ ਕੰਢੇ ਇਸ ਪ੍ਰਯੋਗ ਦੀ ਸ਼ੁਰੂਆਤ ਕੀਤੀ। ਜਦੋਂ ਕੋਈ ਪ੍ਰਯੋਗ (Experiment) ਸਫ਼ਲ ਹੁੰਦਾ ਹੈ ਤਾਂ ਸਭ ਸੁੱਖ ਲੈ ਸਕਣ ਇਸ ਲਈ ਸਮਾਜ ਵਿੱਚ ਲਾਗੂ ਕੀਤਾ ਜਾਂਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਹ ਕਿਰਪਾ ਸਾਡੇ 'ਤੇ ਕੀਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਪੁ ਪ੍ਰਯੋਗ ਨੂੰ ਹਰ ਨਾਮਧਾਰੀ ਦੇ ਘਰ ਤੱਕ ਪਹੁੰਚਾਇਆ। ਅੱਜ ਛੇ ਮਹਾਦੀਪਾਂ ਵਿੱਚ ਇਹ ਪ੍ਰਯੋਗ ਨਾਮਧਾਰੀ ਸੰਗਤ ਕਰਦੀ ਹੈ। ਪ੍ਰਯੋਗ ਦੇ ਦਿਨਾਂ ਵਿੱਚ ਬਾਹਰ ਦੇ ਭੋਜਣ ਤੋਂ, ਵਾਧੂ ਬੋਲਣ ਤੋਂ ਅਤੇ ਦੁਨਿਆਵੀ ਕੰਮਾਂ ਵਿੱਚ ਵਿਅਰਥ ਸਮਾਂ ਗੁਵਾਉਣ ਤੋਂ ਬਚਿਆ ਜਾਂਦਾ ਹੈ। ਸ੍ਰੀ ਭੈਣੀ ਸਾਹਿਬ ਇਨ੍ਹਾਂ ਦਿਨਾਂ ਵਿੱਚ ਇਕ ਵੱਖਰਾ ਅਲੌਕਿਕ ਨਜ਼ਾਰਾ ਬਣਦਾ ਹੈ। ਸੰਗਤ ਸਮੇਂ ਤੋਂ ਪਹਿਲਾਂ ਉੱਠ ਖੂਹਾਂ 'ਤੇ ਇਸ਼ਨਾਨ ਕਰਨ ਲਈ ਤੁਰਦੀ ਹੈ। ਖੂਹਾਂ ਦੀਆਂ ਭੌਣੀਆਂ 'ਚੋਂ ਨਿਕਲਣ ਵਾਲੀ ਨਾਦ ਨਾਲ ਵਾਤਾਵਰਣ ਵਿੱਚ ਇਕ ਵਖਰਾ ਨਿਰੰਤਰ ਸੰਗੀਤ ਚਲਦਾ ਹੈ। ਪੁਰਾਣੇ ਸਮੇਂ ਵਿੱਚ ਜਦੋਂ ਕੂਕੇ ਪਿੰਡ ਦੇ ਖੂਹ 'ਤੇ ਜਾ ਮੂੰਹ ਹਨੇਰੇ ਡੋਲ ਖੜਕਾਉਂਦੇ ਤਾਂ ਪਿੰਡ ਦੇ ਲੋਕ ਹਲ ਵਾਹੁਣ ਲਈ ਬਿਸਤਰੇ ਤਿਆਗ ਦਿੰਦੇ ਪੰਜਾਬੀ ਦੀ ਬੋਲੀ ਹੈ–

ਤਾਰਾ ਚੜਿਆ ਤਾਂ ਨਾਹ ਲਿਆ ਕੂਕੇ
ਹਾਲ਼ੀਆਂ ਨੇ ਹਲ਼ ਜੋੜ ਲਏ।

ਪੈਰੀਂ ਪਾਏ ਪਊਏ ਖੜਾਵਾਂ ਧਰਤੀ ਨਾਲ ਲੱਗ ਟਿੱਕੀ ਰਾਤ ਦੀ ਚੁੱਪੀ ਨੂੰ ਤੋੜ ਦਿੰਦੀਆਂ ਹਨ। ਸਣਕੇਸੀ ਇਸ਼ਨਾਨ ਕਰ ਸੰਗਤ ਦੁੱਧ ਵਰਗੇ ਚਿੱਟੇ ਵਸਤਰ ਪਾ ਵਾਹੁ ਦਾਹੀ ਪ੍ਰਤਾਪ ਮੰਦਰ ਵੱਲ ਵੱਧਦੀ ਹੈ। ਸ੍ਰੀ ਭੈਣੀ ਸਾਹਿਬ ਜਪੁ ਪ੍ਰਯੋਗ ਦੇ ਦਿਨਾਂ ਵਿੱਚ ਰਾਤ ਆਉਂਦੀ ਹੀ ਨਹੀਂ। ਕੋਈ ਨਾ-ਕੋਈ ਸਿੱਖ ਹਰ ਸਮੇਂ ਤੁਹਾਨੂੰ ਖੂਹ 'ਤੇ ਮਿਲ ਜਾਵੇਗਾ। ਗੁਰਬਾਣੀ ਦੇ ਇਨ੍ਹਾਂ ਵਾਕਾਂ ਨੂੰ ਸਾਰਥਕ ਕਰਦੀ ਸੰਗਤ–

ਭਿੰਨੀ ਰੈਨੜੀਏ ਚਾਮਕਨ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥

ਸਚਮੁੱਚ ਹੀ ਰਾਮ ਦੇ ਪਿਆਰੇ ਤੁਹਾਨੂੰ ਹਰ ਵਕ਼ਤ ਜਾਗਦੇ ਮਿਲਣਗੇ। ਕਥਾ, ਕੀਰਤਨ, ਦੀਵਾਨ, ਉਪਦੇਸ਼ ਇਹ ਨਿਰੰਤਰ ਵਹਿੰਦੇ ਜੀਵਨ 'ਚ ਨਵਾਂ ਉਤਸ਼ਾਹ ਭਰ ਦੇ ਨਜ਼ਰ ਆਉਣਗੇ। ਸੇਵਾ, ਸਿਮਰਨ, ਪਾਠ ਅਭਿਆਸ ਦਾ ਚਾਅ ਸੰਗਤ ਦੇ ਮੁੱਖ ਤੋਂ ਸਾਫ਼ ਝਲਕੇਗਾ। ਦੂਰ ਦੁਰਾਡੇ ਤੋਂ ਆਈ ਸਾਰੀ ਸੰਗਤ ਦਾ ਨਿਤ-ਕਰਮ ਸਤਿਗੁਰੂ ਰਾਮਦਾਸ ਜੀ ਦੇ ਇਸ ਸ਼ਬਦ ਅਨੁਸਾਰ ਹੁੰਦਾ ਹੈ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਵੈ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

..........................................................

**ਪਉੜੀ॥**

**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥**
ਹੇ ਪਰਮੇਸ਼ਰ! ਤੇਰਾ ਨਾਮ ਨਿਰੰਕਾਰ ਹੈ ਅਤੇ ਤੇਰਾ ਨਾਮ ਲੈਣ ਵਾਲਾ ਨਰਕ 'ਚ ਨਹੀਂ ਜਾਂਦਾ।
Oh Lord! Your Name is “Nirankar” (Immortal).
One who recites your name will not go to hell

**ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥**
ਜਦੋਂ ਕਿ ਜ਼ਿੰਦਗੀ ਅਤੇ ਜਿਸਮ ਸਭ ਉਸਦਾ ਹੀ ਹੈ, ਉਸ ਕੋਲੋਂ ਖਾਣ ਲਈ ਵਾਰ-ਵਾਰ ਮੰਗਣਾ ਵਿਅਰਥ ਹੈ।
The soul and body belong to Him, repeatedly asking Him for things is futile.

**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥**
ਹੇ ਇਨਸਾਨ! ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ ਤਾਂ ਨੇਕ ਕਰਮ ਕਰਕੇ ਵੀ ਨੀਵਾਂ ਹੀ ਬਣਿਆ ਰਹਿ।
O human! If you want good for yourself,
you should remain humble even after performing good deeds.

**ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥**
ਜੇ ਕੋਈ ਬੁਢਾਪੇ ਨੂੰ ਹਟਾਉਣਾ ਵੀ ਚਾਹੇ, ਤਾਂ ਵੀ ਬੁਢਾਪੇ ਦੇ ਚਿੰਨ੍ਹ ਪ੍ਰਗਟ ਹੋ ਜਾਂਦੇ ਹਨ।
Even if one tries to escape old age, it's signs will still appear in one form or another.

**ਕੋ ਰਹੈ ਨ ਭਰੀਐ ਪਾਈਐ॥੫॥**
ਜਦੋਂ ਸਵਾਸ ਪੂਰੇ ਹੋ ਜਾਂਦੇ ਹਨ ਤਾਂ ਇੱਥੇ ਕੋਈ ਨਹੀਂ ਰਹਿੰਦਾ।
When the allotted breaths are used up, no one remains alive.

**ਸਲੋਕ ਮਃ ੧॥**

**ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥**
ਸ਼ਰ੍ਹਾ ਦੀਆਂ ਕਿਤਾਬਾਂ ਨੂੰ ਵਾਰ-ਵਾਰ ਪੜ੍ਹ ਕੇ ਵਿਚਾਰ ਕਰਨੀ ਹੀ ਸੱਚੇ ਮੁਸਲਮਾਨ ਦਾ ਗੁਣ ਹੈ।
Muslims abide by the Islamic law; they repeatedly read and contemplate it.

**ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥**
ਮੁਸਲਮਾਨ ਉਹਨਾਂ ਨੂੰ ਹੀ ਖ਼ੁਦਾ ਦੇ ਬੰਦੇ ਮੰਨਦੇ ਹਨ, ਜਿਹੜੇ ਉਸ ਦੇ ਦੀਦਾਰ ਲਈ ਇਸਲਾਮੀ ਸ਼ਰ੍ਹਾ ਵਿੱਚ ਪੈਂਦੇ ਹਨ।
Muslims think of those who abide by Islamic law as the God's people

**ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥**

ਬੇਅੰਤ ਸਿਫ਼ਤ ਵਾਲੇ ਸ਼ੋਭਾ ਯੁਕਤ ਪ੍ਰਭੂ ਨੂੰ ਸ਼ਾਸਤਰਾਂ ਅਨੁਸਾਰ ਹਿੰਦੂ ਸਲਾਹੁੰਦੇ ਹਨ।

Hindu's praise the commendable immaculate form of God,
cited in their scriptures

**ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ॥**

ਕਈ ਹਿੰਦੂ ਤੀਰਥਾਂ ਉੱਤੇ ਨਹਾਉਂਦੇ ਹਨ, ਭੇਟਾ ਪੂਜਾ ਕਰਦੇ ਹਨ,
ਅਗਰ ਚੰਦਨ ਅਤੇ ਸੁਗੰਧ ਵਾਲੀ ਧੂਪ ਮਹਿਕਾਉਂਦੇ ਹਨ ।

Some Hindus bathe in holy rivers when on pilgrimage,
they burn incense and offer prayers to the idols

**ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ॥**

ਜੋਗੀ ਅਲਖ ਪ੍ਰਭੂ ਨੂੰ ਸਮਾਧੀ ਲਾ ਕੇ ਧਿਆਉਂਦੇ ਹਨ।

Calling God as indescribable, the Yogis meditate on vacuity.

**ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥**

ਵੱਖ-ਵੱਖ ਆਸਣਾਂ ਰਾਹੀਂ ਉਸ ਸੂਖਮ ਮੂਰਤ ਮਾਇਆ ਰਹਿਤ ਪ੍ਰਭੂ ਨੂੰ ਧਿਆਉਂਦੇ ਹਨ।

*Yogis* contemplate on the illusion-free miniature form of God.

**ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥**

ਕਈਆਂ ਸੱਤਵਾਦੀਆਂ ਦੇ ਮਨ ਨੂੰ ਦਾਨ ਦੇਣ ਦੇ ਵਿਚਾਰ ਨਾਲ ਹੀ ਸਬਰ ਪੈਦਾ ਹੁੰਦਾ ਹੈ।

Those who follow the truth,
develop contentment in their mind and consider giving charity,

**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥**

ਉਹ ਸੱਤਵਾਦੀ ਦਾਨ ਦਿੱਤੇ ਪਦਾਰਥ ਦੀ ਹਜ਼ਾਰ ਗੁਣਾਂ ਹੋ ਕੇ ਵਾਪਸੀ
ਅਤੇ ਦੁਨੀਆਂ ਵਿੱਚ ਸ਼ੋਭਾ ਦੀ ਲਾਲਸਾ ਰੱਖਦੇ ਹਨ।

Some people wish that their charitable donations result in them receiving a thousand times more in return.

**ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥**

ਚੋਰ, ਯਾਰ, ਝੂਠੇ ਅਤੇ ਖ਼ਰਾਬੀਆਂ ਕਰਨ ਵਾਲੇ ਮੰਦੇ ਪੁਰਖ ਹਨ।

Cheaters, adulterers, thieves and liars are people of bad conduct.

**ਚਲਦਾ...**

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਉਪਦੇਸ਼ - ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਅੱਸੂ ਦਾ ਮੇਲਾ, ਸ੍ਰੀ ਭੈਣੀ ਸਾਹਿਬ** **16-9-2025**

ਅਸੀਂ ਉਸ ਸੱਚੇ ਪਾਤਸ਼ਾਹ ਦਾ ਧੰਨਵਾਦ ਕਰੀਏ ਜਿਸ ਨੇ ਵਹਿਮਾਂ ਭਰਮਾਂ ਤੋਂ ਹਟਾ ਕੇ ਸਾਨੂੰ ਇੱਕ ਨਾਮ ਅਤੇ ਇੱਕ ਪਰਮਾਤਮਾ ਨਾਲ ਜੋੜਿਆ ਹੈ। ਮੈਂ ਸਮਝਦਾਂ ਕਿ ਕੋਈ ਵੀ ਧਰਮ ਸਮਾਂ ਪਾ ਕੇ ਕਰਮਕਾਂਡਾਂ ਵਿੱਚ ਫਸ ਜਾਂਦਾ ਹੈ। ਅਸੀਂ ਕਰਮਕਾਂਡਾਂ ਤੱਕ ਹੀ ਸੀਮਿਤ ਰਹਿ ਜਾਂਦੇ ਹਾਂ ਕਿਉਂਕਿ ਸਾਡਾ ਮਨੁੱਖੀ ਮਨ ਐਸਾ ਹੀ ਹੈ। ਅਸੀਂ ਮਾਇਆ ਨਾਲ ਜੁੜ ਜਾਦੇ ਹਾਂ ਕਿਉਂਕਿ ਮਾਇਆ ਵੀ ਉਸ ਦੀ ਬਣਾਈ ਹੋਈ ਹੈ, ਜਿਹਨੇ ਇਹ ਸਾਰਾ ਸੰਸਾਰ ਬਣਾਇਆ ਹੈ। ਪਰ ਉਸ ਮਾਇਆ ਵਿੱਚੋਂ ਸਾਨੂੰ ਉਹ ਲੱਭਦਾ ਨਹੀਂ। ਅਸੀਂ ਮਾਇਆ ਨੂੰ ਸੱਚ ਸਮਝ ਕੇ ਉਸੇ ਵਿੱਚ ਹੀ ਲੱਗ ਜਾਦੇ ਹਾਂ। ਸਾਡੇ ਗੁਰੂਆਂ ਨੇ ਤੇ ਜਿਨ੍ਹਾਂ ਵੀ ਸਤਿਕਾਰਯੋਗ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਹੈ ਉਹਨਾਂ ਸਾਰਿਆਂ ਨੇ ਹੀ ਕਰਮ ਕਾਂਡਾਂ ਤੋਂ ਉੱਪਰ ਲੰਘ ਕੇ ਇੱਕ ਨਾਮ ਦੀ ਗੱਲ ਕੀਤੀ ਹੈ। ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਦਾ ਨਾਂ ਲੈਂਦਿਆਂ ਹੋਇਆ ਅਸੀਂ ਅਰਦਾਸ ਵਿੱਚ ਵੀ ਕਹਿੰਦੇ ਹਾਂ ਜਿਨ੍ਹਾਂ ਨੇ ਨਾਮ ਬਾਣੀ ਦਾ ਪ੍ਰਵਾਹ ਦਿੱਤਾ ਚਲਾਏ। ਉਹ ਸੱਚੇ ਪਾਤਸ਼ਾਹ ਨੇ ਸਾਨੂੰ ਨਾਮ ਨਾਲ, ਸ਼ੁੱਧ ਗੁਰਬਾਣੀ ਨਾਲ ਅਤੇ ਪ੍ਰਯੋਗ ਨਾਲ ਜੋੜਿਆ। ਆਪਾਂ ਇਥੋਂ ਲੈ ਕੇ ਕੀ ਜਾਣਾ ਹੈ? ਤੁਸੀਂ ਐਨਾ ਸਮਾਂ ਇਥੇ ਦੇਣਾ ਹੈ। ਅਸੀਂ ਮਨੁੱਖੀ ਮਨ ਕੁਝ ਲੈਣ ਵਾਸਤੇ ਆਉਂਦੇ ਹਾਂ ਇਥੋਂ ਅਸੀਂ ਕੀ ਲੈ ਕੇ ਜਾਣਾ ਹੈ? ਇਥੋਂ ਅਸੀਂ ਉਹ ਨਾਮ ਲੈ ਕੇ ਜਾਣਾ। ਨਾਮ ਨਾਲ ਕੀ ਹੋਣਾ? ਨਾਮ ਨਾਲ ਸਾਡੇ ਮਨ ਅੰਦਰ ਆਨੰਦ ਹੋਣਾ।



ਮੈਂ ਅਰਜ ਕਰਾਂਗਾ ਧਰਮ ਦਾ ਸਬੰਧ ਹੀ ਸਾਡੇ ਮਨ ਨਾਲ ਹੈ। ਸਾਡਾ ਝਗੜਾ ਹੀ ਮਨ ਹੈ, ਸਾਡੀਆਂ ਪਰੇਸ਼ਾਨੀਆਂ ਹੀ ਸਾਡੇ ਮਨ ਅਤੇ ਸਾਡੇ ਵਿਚਾਰਾਂ ਕਰਕੇ ਹੁੰਦੀਆਂ ਹਨ। ਅਸੀਂ ਇਥੋਂ ਉਹ ਮਨ ਦੀ ਸ਼ਾਂਤੀ ਲੈ ਕੇ ਜਾਣੀ ਹੈ, ਉਹ ਮਨ ਦੀ ਸ਼ਾਂਤੀ ਕਿਸ ਨਾਲ ਮਿਲਣੀ ਹੈ? ਉਹ ਇੱਕ ਨਾਮ ਨਾਲ ਮਿਲਣੀ ਹੈ। ਬਹੁਤ ਕਰਕੇ ਅਸੀਂ ਨਾਮ ਨੂੰ ਗੁਰੂ ਮੰਤਰ ਤੱਕ ਸਮਝ ਲਿਆ ਪਰ ਨਾਮ ਇਸ ਤੋਂ ਅੱਗੇ ਚਲਦੇ ਹੋਏ ਇੱਕ ਅਵਸਥਾ ਦਾ ਨਾਂ ਹੈ, ਜਿੱਥੇ ਸਾਡੀਆਂ ਮਨ ਦੀਆਂ ਚਿੰਤਾਵਾਂ ਮੁੱਕ ਜਾਂਦੀਆਂ ਹਨ। ਜਦੋਂ ਮੇਰਾ ਮਨ ਰਾਮ ਨਾਮ ਵਿੱਚ ਲੱਗ ਜਾਂਦਾ ਹੈ ਮੇਰਾ ਭਰਮ ਮੁੱਕ ਜਾਂਦਾ ਹੈ। ਭਰਮ ਮੇਰਾ ਕੀ ਹੈ? ਮੈਂ ਇਹ ਸਾਰੇ ਕੁਝ ਨੂੰ ਸੱਚ ਕਰਕੇ ਸਮਝਦਾ ਹਾਂ, ਜਿੰਨਾ ਚਿਰ ਮੈਂ ਸੱਚ ਕਰਕੇ ਸਮਝਦਾ ਹਾਂ ਉਨਾ ਚਿਰ ਮੇਰਾ ਭਰਮ ਹੈ ਜਿੰਨਾ ਚਿਰ ਮੇਰਾ ਭਰਮ ਹੈ ਉਨਾ ਚਿਰ ਤੁਹਾਡਾ ਕਦੀ ਡਰ ਵੀ ਨਹੀਂ ਮੁੱਕਦਾ, ਡਰ ਬਣਿਆ ਰਹਿੰਦਾ ਹੈ। ਅੱਜ ਕਿਸੇ ਹੋਰ ਚੀਜ਼ ਦਾ ਡਰ ਹੈ, ਕੱਲ੍ਹ ਨੂੰ ਕਿਸੇ ਹੋਰ ਚੀਜ਼ ਦਾ ਡਰ ਹੈ। ਅੱਜ ਕੋਈ ਕੰਮ ਮਿਲ ਗਿਆ, ਕੱਲ੍ਹ ਨੂੰ ਨਹੀਂ ਮਿਲਿਆ। ਅੱਜ ਕੋਈ ਇੱਕ ਇਗਜ਼ਾਮ ਹੈ, ਕੱਲ੍ਹ ਨੂੰ ਕੋਈ ਦੂਸਰਾ ਇਗਜ਼ਾਮ ਹੈ। ਅੱਜ ਕਿਤੇ ਜਾਣਾ, ਕੱਲ੍ਹ ਨੂੰ ਕਿਤੇ ਜਾਣਾ। ਜਿੰਨਾ ਚਿਰ ਇਹ ਭਰਮ ਨਹੀਂ ਮੁੱਕਿਆ ਕਿ ਇਹ ਜੋ ਮੈਂ ਦੇਖਦਾ ਇਹਦੇ ਵਿੱਚ ਕੁਛ ਵੀ ਸਥਿਰ ਰਹਿਣ ਵਾਲਾ ਨਹੀਂ, ਇਹਦੇ ਵਿੱਚ ਕੁਛ ਵੀ ਸੱਚ ਨਹੀਂ, ਉਨਾ ਚਿਰ ਸਾਡਾ ਡਰ ਨਹੀਂ ਖ਼ਤਮ ਹੁੰਦਾ।

ਸੋ ਜਦੋਂ ਨਾਮ ਵਿੱਚ ਸਾਡਾ ਮਨ ਲੱਗ ਜਾਂਦਾ, ਜਦੋਂ ਮਨ ਵਿੱਚ ਨਾਮ ਦੀ ਸਾਨੂੰ ਭੁੱਖ ਲੱਗ ਜਾਂਦੀ ਹੈ ਤਾਂ ਸਾਡਾ ਭਰਮ ਖ਼ਤਮ ਹੋਣ ਲੱਗ ਜਾਂਦਾ, ਭਰਮ ਖ਼ਤਮ ਹੋਣ ਨਾਲ ਸਾਡਾ ਉਹ ਡਰ ਵੀ ਖ਼ਤਮ ਹੋ ਜਾਂਦਾ, ਆਪਾਂ ਇਹ ਕੋਸ਼ਿਸ਼ ਕਰੀਏ, ਜਿੰਨਾ ਚਿਰ ਤੁਸੀਂ ਨਾਮ ਜੱਪਣਾ, ਨਾਮ ਇੱਕ ਮਨ ਹੋ ਕੇ ਜਪੀਏ, ਸਾਡੇ ਮਨਾਂ ਵਿੱਚ ਵਿਚਾਰ ਨਾ ਹੋਣ, ਕਈ ਵਾਰੀ ਇਨਾ ਚਿਰ ਬਹਿਣਾ ਔਖਾ ਹੋ ਜਾਂਦਾ, ਮਨ ਨਹੀਂ ਸਾਨੂੰ ਟਿਕਣ ਦਿੰਦਾ, ਸਰੀਰ ਤਾਂ ਫਿਰ ਵੀ ਟਿਕ ਜਾਂਦਾ। ਜਦੋਂ ਮਨ ਟਿਕ ਜਾਂਦਾ ਫਿਰ ਬੈਠੇ-ਬੈਠੇ ਕੋਈ ਫੋਟੋ ਖਿੱਚਣ ਲੱਗ ਜਾਂਦਾ ਕੋਈ ਉੱਠ ਕੇ ਹੋਰ ਗੱਲਬਾਤ ਕਰਨ ਲੱਗ ਜਾਂਦਾ।

ਜਿੰਨਾ ਚਿਰ ਜਪ ਪ੍ਰਯੋਗ ਵਿੱਚ ਬੈਠਣਾ ਇੱਕ ਰਸ ਹੋ ਕੇ ਨਾਮ ਜੱਪੋ। ਅੱਜ ਜਦੋਂ ਇਹਨਾਂ ਆਸਾ ਦੀ ਵਾਰ ਸ਼ੁਰੂ ਕੀਤੀ,


ਉਦੋਂ ਜਿਹੜਾ ਇਹਨਾਂ ਪਹਿਲਾ ਸ਼ਬਦ ਪੜ੍ਹਿਆ ਸੀ। ਜੇ ਤੁਹਾਡੇ ਧਿਆਨ ਵਿੱਚ ਹੋਵੇ '**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ**' ਆਪਾਂ ਇਥੇ ਉਹ ਰਾਮ ਨਾਮ ਲੁੱਟਣ ਵਾਸਤੇ ਆਏ ਹਾਂ। ਫਿਰ ਦੂਸਰਾ ਸ਼ਬਦ ਪੜ੍ਹਿਆ ਸੀ '**ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ।**' ਉਹ ਸੱਚਾ ਨਾਮ ਆਪਾਂ ਬੀਜਣ ਵਾਸਤੇ ਆਏ ਹਾਂ। ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕਰੀਏ ਜਿੱਥੇ-ਜਿੱਥੇ ਜਿਹਦਾ ਜਿਹਦਾ ਵਿਸ਼ਵਾਸ ਜਿਸ ਵੀ ਸਰੂਪ ਤੇ ਹੈ, ਕਿਉਂਕਿ ਉਹ ਰੂਪ ਸਾਰੇ ਹੀ ਉਹਦੇ ਨੇ ਉਹ ਕਦੀ ਵੀ ਦੋ ਨਹੀਂ ਹੁੰਦੇ। ਜੇ ਸਾਡਾ ਸਤਿਗੁਰੂ ਜਗਜੀਤ ਸਿੰਘ ਨਾਲ ਪਿਆਰ ਹੈ ਤਾਂ ਉਹਨਾਂ ਦੇ ਚਰਨਾਂ ਵਿੱਚ ਅਰਦਾਸ ਕਰੀਏ ਪਾਤਸ਼ਾਹ ਤੁਸੀਂ ਇਹ ਪ੍ਰਯੋਗ ਕਰਨ ਲਾਇਆ ਤੁਹਾਡੀ ਕਿਰਪਾ ਨਾਲ ਲੱਗਿਆ ਹਾਂ, ਹੁਣ ਅਗਲੀ ਵੀ ਕਿਰਪਾ ਕਰ ਦਿਓ ਕਿ ਨਾਮ ਵੀ ਸਾਡੇ ਹਿਰਦੇ ਵਿੱਚ ਵਸ ਜਾਵੇ। ਜੇ ਤੁਸੀਂ ਲਾਇਆ ਤੇ ਤੁਹਾਡੇ ਘਰ ਵਿੱਚ ਕੋਈ ਘਾਟਾ ਨਹੀਂ। ਉਹ ਬਖਸ਼ਿਸ਼ ਕਰ ਦਿਓ ਸਾਨੂੰ ਮਾਇਆ ਨਾਲੋਂ ਤੋੜ ਕੇ ਤੇਰੇ ਨਾਮ ਨਾਲ ਜੋੜ ਦਿਓ।

ਸਤਿਗੁਰੂ ਜਗਜੀਤ ਸਿੰਘ ਹੁਕਮ ਕਰਦੇ ਸਨ ਕਿ ਸਾਡੀਆਂ ਇਥੇ ਅਟੈਚਮੈਂਟ ਹੋ ਜਾਂਦੀਆਂ ਨੇ, ਜਦੋਂ ਅਸੀਂ ਨਾਮ ਨਾਲ ਜੁੜਦੇ ਹਾਂ, ਅਸੀਂ ਕੁਦਰਤ ਦੇ ਨਾਲ ਰਹਿਣਾ ਸਿੱਖ ਜਾਦੇ ਹਾਂ, ਕਿਉਂ ਇਸਨੂੰ ਕੁਦਰਤ ਕਹਿ ਲਓ, ਕੋਈ ਹੋਣੀ ਕਹਿ ਦਿੰਦਾ, ਕੋਈ ਭਾਣਾ ਕਹਿ ਦਿੰਦਾ, ਮੇਰੇ ਜਾਂ ਤੁਹਾਡੇ ਮੁਤਾਬਿਕ ਨਹੀਂ ਚਲਦਾ। ਉਹਨੇ ਆਪਣੇ ਆਪ ਉਹਦੇ ਸਿਸਟਮ ਮੁਤਾਬਕ ਚਲੀ ਜਾਣਾ, ਅਸੀਂ ਉਸ ਦਰਿਆ ਦੇ ਵਹਿਣ ਦੇ ਨਾਲ ਚੱਲਣਾ ਸਿੱਖ ਲਵਾਂਗੇ ਤੇ ਸੁਖੀ ਹੋ ਜਾਵਾਂਗੇ। ਜੇ ਅਸੀਂ ਉਹ ਦਰਿਆ ਦੇ ਉਲਟ ਜਾਵਾਂਗੇ ਤਾਂ ਉਹ ਦਰਿਆ ਸਾਨੂੰ ਤੰਗ ਕਰੇਗਾ।ਉਸ ਦਰਿਆ ਦੇ ਉਲਟ ਸਾਡੇ ਤੋਂ ਜਾਇਆ ਹੀ ਨਹੀਂ ਜਾਂਦਾ। ਫਿਰ ਦੁਖੀ ਅਸੀਂ ਆਪ ਹੋਵਾਂਗੇ, ਸਾਡਾ ਮਨ ਦੁਖੀ ਹੁੰਦਾ। ਇੱਥੇ (ਜਪ ਪ੍ਰਯੋਗ ਲਈ) ਜਿੰਨਾ ਚਿਰ ਰਹਿਣਾ ਇੱਥੇ ਤੁਸੀਂ ਨਾਮ ਸਿਮਰਨ ਕਰ ਲਿਆ, ਇਸ ਤੋਂ ਬਾਅਦ ਵੀ ਇਹ ਕੋਸ਼ਿਸ਼ ਕਰੋ ਕਿ ਜੇ ਕੋਈ ਗੱਲ ਹੋਵੇ ਕਿਸੇ ਗੁਰਬਾਣੀ ਦੇ ਸ਼ਬਦ ਤੇ ਵਿਚਾਰ ਹੋਵੇ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜਦੋਂ ਪਹਿਲੇ ਪਹਿਲੇ ਸ਼ੁਰੂ-ਸ਼ੁਰੂ 'ਚ ਮੈਂ ਦੇਖਿਆ ਇਹ ਕਿਰਪਾ ਕਰਦੇ ਹੁੰਦੇ ਸਨ ਕਿ ਇਸ ਪ੍ਰਯੋਗ ਦੇ ਸਮੇਂ ਵਿੱਚ ਕੋਈ ਵਿਹਾਰਕ ਅਰਜ ਨਹੀਂ ਸੀ ਸੁਣਦੇ, ਕੋਈ ਵਿਹਾਰਕ ਬਚਨ ਨਹੀਂ ਸੀ ਕਰਦੇ ਹੁੰਦੇ। ਆਪਾਂ ਕੋਸ਼ਿਸ਼ ਕਰੀਏ ਘੱਟ ਤੋਂ ਘੱਟ ਕੰਮ-ਧੰਧਿਆਂ ਦੀ ਗੱਲ ਹੋਵੇ, ਵੱਧ ਤੋਂ ਵੱਧ ਗੁਰਬਾਣੀ ਦੀ ਗੱਲ ਹੋਵੇ, ਗੁਰਬਾਣੀ ਤੇ ਵਿਚਾਰ ਕੀਤੇ ਜਾਣ, ਸਾਧੂ ਸੰਤਾਂ ਦੀ ਗੱਲ ਹੋਵੇ, ਨਾਮ ਦੀ ਗੱਲ ਹੋਵੇ, ਇਸ ਤਰ੍ਹਾਂ ਕਰਦਿਆਂ-ਕਰਦਿਆਂ ਸਾਡਾ ਮਨ ਚੰਗਾ ਬਣ ਜਾਂਦਾ ਹੈ।

ਜਿਹੜੀਆਂ ਗੱਲਾਂ ਆਪਾਂ ਰੋਜ਼ ਕਰਦੇ ਹਾਂ, ਉਹੀ ਸਾਡੇ ਮਨ ਵਿੱਚ ਵਸ ਜਾਂਦੀਆਂ ਹਨ, ਸੋ ਜਿੰਨਾ ਚਿਰ ਵੀ ਤੁਸੀਂ ਇੱਥੇ (ਜਪ ਪ੍ਰਯੋਗ) ਰਹਿਣਾ ਹੈ ਅਤੇ ਜਦੋਂ ਇਥੋਂ ਜਾਣਾ ਹੈ ਸਾਡੇ ਮਨ ਵਿੱਚ ਇੱਕ ਬਦਲਾਵ ਹੋਵੇ। ਓਦੋਂ ਤੱਕ ਸਾਡੇ ਮਨ ਵਿੱਚ ਸ਼ਾਂਤੀ ਹੋਵੇ, ਸਾਡੇ ਮਨ ਵਿੱਚ ਨਾਮ ਹੋਵੇ, ਸਾਨੂੰ ਕੋਈ ਬੁਰਾ ਨਾ ਦਿਸੇ, ਇਹ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਆਪਾਂ ਰਲ ਮਿਲ ਕੇ ਸਾਰਿਆਂ ਨੇ ਹੀ ਅਰਜ ਕਰਨੀ ਹੈ। ਮੈਂ ਅੱਗੇ ਵੀ ਕਹਿੰਦਾ ਹੁੰਦਾ ਹਾਂ ਅਰਦਾਸ ਕੋਈ ਰੱਟਾ ਨਹੀਂ ਕਿ ਅਸੀਂ ਰੱਟਾ ਲਾਇਆ ਤੇ ਉਹੀ ਸ਼ਬਦ ਆਖਣੇ ਹਨ ਜਾਂ ਜੋ ਸੂਬਾ ਜੀ (ਬਲਵਿੰਦਰ ਸਿੰਘ) ਨੇ ਅਰਦਾਸ ਕੀਤੀ ਅਸੀਂ ਉਹੀ ਆਖਣੇ ਹਨ। ਅਰਦਾਸ ਸਾਡੀ ਮੰਗ ਹੈ। ਸਾਡੀ ਸਾਰਿਆਂ ਦੀਆਂ ਮੰਗਾਂ ਵੱਖੋ-ਵੱਖਰੀਆਂ ਹੁੰਦੀਆਂ ਹਨ। ਬਹੁਤੀ ਵਾਰੀ ਸਾਡੀਆਂ ਮੰਗਾਂ ਹੁੰਦੀਆਂ ਨੇ ਕਿ ਮੇਰਾ ਇਹ ਕੰਮ ਹੋ ਜਾਵੇ, ਮੈਨੂੰ ਇਸ ਕੇਸ ਵਿੱਚ ਫ਼ਤਹਿ ਹੋ ਜਾਵੇ, ਮੇਰੇ ਘਰ ਪੁੱਤਰ ਹੋ ਜਾਵੇ।

ਇੱਥੇ ਰਹਿੰਦੇ ਰਹਿੰਦੇ ਜੇ ਮਨ ਵਿੱਚ ਆ ਜਾਵੇ ਸੱਚੇ ਪਾਤਸ਼ਾਹ ਮੈਨੂੰ ਵੀ ਨਾਮ ਨਾਲ ਜੋੜ ਦਿਓ, ਤਾਂ ਸਾਡੀਆਂ ਮੰਗਾਂ ਬਦਲ ਜਾਂਦੀਆਂ ਹਨ। ਅਸੀਂ ਮੰਗਣਾ ਵੀ ਸਿੱਖੀਏ, ਸਾਡੇ ਤੇ ਸੱਚੇ ਪਾਤਸ਼ਾਹ ਕਿਰਪਾ ਕਰਨ, ਅਸੀਂ ਨਾਮ ਮੰਗੀਏ। ਤਾਂ ਕਿ ਇਹ ਮਨੁੱਖਾ ਜਨਮ ਸਫਲ ਹੋ ਸਕੇ। ਸੋ ਸੱਚੇ ਪਾਤਸ਼ਾਹ ਕਿਰਪਾ ਕਰਨ ਉਹਨਾਂ ਦੇ ਚਰਨਾਂ ਵਿੱਚ ਬਖਸ਼ਿਸ਼ ਮੰਗਦੇ ਹਾਂ। ਜਿੰਨਾ ਚਿਰ ਉਹ ਰਿਲਾਈਜੇਸ਼ਨ ਨਹੀਂ ਹੁੰਦੀ, ਜਿੰਨਾ ਚਿਰ ਤੁਸੀਂ ਉਹ ਐਕਸਪੀਰੀਏਂਸ ਨਹੀਂ ਕਰਦੇ, ਉਨਾ ਚਿਰ ਆਪਾਂ ਸਾਰੇ ਹੀ ਅਰਦਾਸ ਬੇਨਤੀ ਵਿਚ ਇਹ ਮੰਗ ਰੱਖੀਏ। ਗੁਰਬਾਣੀ '੧ਓ' ਤੋਂ ਸ਼ੁਰੂ ਕਰਦੇ ਹਾਂ। ਸਾਨੂੰ ਕਿੰਨੀਆਂ ਕੁ ਨੂੰ ਇੱਕ (ਪ੍ਰਮਾਤਮਾ) ਦਿਸਦਾ। ਜਿਨਾਂ ਨੂੰ ਇੱਕ (ਪ੍ਰਮਾਤਮਾ) ਦਿਸ ਪਿਆ ਉਹਨਾਂ ਦਾ ਮਨ ਟਿਕ ਜਾਂਦਾ ਹੈ। ਉਹਨਾਂ ਦਾ ਸਦਾ ਆਨੰਦ ਹੋ ਜਾਂਦਾ ਹੈ, ਉਹ ਸੱਚੀ ਮੁੱਚੀ ਮੱਥਾ ਟਿਕਾਉਣ ਦੇ ਯੋਗ ਹੋ ਜਾਂਦੇ ਹਨ, ਕਿਉਂਕਿ ਉਹ ਅਦਵੈਤ ਹੋ ਜਾਂਦੇ ਨੇ, ਉਹਨਾਂ ਨੂੰ ਦੂਸਰਾ ਕੋਈ ਦਿਸਦਾ ਹੀ ਨਹੀਂ। ਸੋ ਸਾਨੂੰ ਵੀ ਸੱਚੇ ਪਾਤਸ਼ਾਹ ਬਖਸ਼ਿਸ਼ ਕਰਨ ਤੇ ਮੇਰੇ ਤੇ ਵੀ ਕਿਰਪਾ ਕਰਨ ਸਾਨੂੰ ਵੀ ਇੱਕ ਦਿਸੇ। ਸਾਨੂੰ ਵੀ ਉਹ ਆਨੰਦ ਆਵੇ। ਇਨੀ ਅਰਜ਼ ਕਰਕੇ ਤੁਹਾਡੇ ਸਾਰਿਆਂ ਤੋਂ ਆਗਿਆ ਲੈਣਾ।

ਸਤਿ ਸ੍ਰੀ ਅਕਾਲ



# "ਨਾ ਜਾਨਾ ਬੈਕੁੰਠ ਕਹਾ ਹੀ"

**ਗੁਰੂਬਚਨ ਸਿੰਘ ਨਾਮਧਾਰੀ**
93160-51015

ਮਨੁੱਖ ਦੀ ਕਲਪਨਾ ਵਿੱਚ, ਇੱਕ ਬੈਕੁੰਠ ਵਸਾਇਆ ਗਿਆ ਹੈ। ਈਸਾਈ, ਹੈਵਨ ਦੀ ਗੱਲ ਕਰਦੇ ਹਨ, ਇਸਲਾਮ, ਜੰਨਤ ਦਾ ਸੁਪਨਾ ਵੇਖਦੇ ਹਨ ਅਤੇ ਭਾਰਤੀ ਜਨ ਮਾਨਸ, ਸਵਰਗ ਦੀ ਚਾਹਤ ਰੱਖਦੇ ਹਨ। ਭਗਤ ਕਬੀਰ ਜੀ ਕਹਿੰਦੇ ਹਨ, "ਜਾਨੁ ਜਾਨੁ ਸਭਿ ਕਹਹਿ ਤਹਾ ਹੀ"- ਸਾਰੇ ਸਵਰਗ ਵਿੱਚ ਜਾਣ ਦੀ ਗੱਲ ਕਰਦੇ ਹਨ... ਸਵਰਗ ਲੋਚਦੇ ਹਨ। ਪਰ ਕਿਸੇ ਨੂੰ ਨਹੀਂ ਪਤਾ, ਬੈਕੁੰਠ ਕਿੱਥੇ ਹੈ।

ਧਰਮ ਸ਼ਾਸਤਰਾ ਵਿੱਚ, ਸਵਰਗ ਸ਼ਬਦ ਦੀ ਵਰਤੋਂ ਕਈ ਥਾਂ ਹੋਈ ਹੈ। ਪਰ ਹਜ਼ਾਰਾਂ ਸਾਲਾਂ ਤੱਕ, ਸੰਸਕ੍ਰਿਤ ਵਿੱਚ ਲਿਖੇ, ਵੇਦਾਂ, ਪੁਰਾਣਾਂ, ਧਰਮ ਸ਼ਾਸਤਰਾਂ ਨੂੰ ਆਮ ਜਨ ਪੜ੍ਹ ਸਮਝ ਨਹੀਂ ਸਕਦਾ ਸੀ। ਇਕੋ ਮਾਤਰ, ਬ੍ਰਾਹਮਣ ਹੀ ਦੇਵ ਭਾਸ਼ਾ (ਸੰਸਕ੍ਰਿਤ) ਨੂੰ ਪੜ੍ਹ ਸਕਦੇ ਸਨ। ਲਿਹਾਜ਼ਾ ਹਜ਼ਾਰਾਂ ਸਾਲਾਂ ਤੱਕ ਬ੍ਰਾਹਮਣ ਸਮਾਜ, ਇਹਨਾਂ ਧਰਮ ਸ਼ਾਸਤਰਾਂ ਦੇ ਅਧਿਕਾਰੀ ਰਹੇ। ਆਪਣੇ ਮਨ, ਅਤੇ ਸਮਝ ਅਨੁਸਾਰ, ਵੇਦਾਂ-ਸ਼ਾਸਤਰਾਂ ਦੇ ਅਰਥ ਅਤੇ ਵਿਆਖਿਆ ਭੀ ਕਰਦੇ ਰਹੇ। **"ਸਵਰਗ" ਦਾ ਅਰਥ ਸੀ, ਸਵੈ-ਗਮਨ... ਆਪਣੇ ਅੰਦਰ ਦੀ ਯਾਤਰਾ। ਹਰ ਮਨੁੱਖ ਦਾ ਵਜੂਦ, ਇਕ "ਨਗਰ" ਹੈ, ਇਕ ਸ਼ਹਿਰ। ਇਸ ਨਗਰ ਵਿਚ, ਚੋਰਾਂ, ਲੁਟੇਰਿਆਂ, ਹਤਿਆਰਿਆਂ ਦੀਆਂ ਬਸਤੀਆਂ ਹਨ। ਕਸਾਈ ਮੁਹੱਲਾ, ਕੂੰਜੜਾ ਮੁਹੱਲਾ, ਚੋਰ ਬਸਤੀ ਆਦਿ। ਕੋਈ ਕਾਮ ਦੇ ਚਾਹਵਾਨਾਂ ਦਾ ਮੁਹੱਲਾ, ਕੋਈ ਲੋਭੀਆਂ, ਕ੍ਰੋਧੀਆਂ ਦੀਆਂ ਬਸਤੀਆਂ ਇਸ ਦੇਹ ਵਿਚ ਹਨ। ਇਸੇ ਨਗਰ ਵਿੱਚ ਇਕ ਮੇਰਾ ਘਰ ਹੈ, ਮੇਰਾ "ਨਿਜ ਥਾਂਵ।" ਇਸ ਘਰ ਅੰਦਰ ਮੇਰਾ ਨਿੱਜ ਸਵਰੂਪ ਹੈ... ਮੇਰੀ ਜੋਤਿ। ਇਹ ਪ੍ਰਭੂ ਜੋਤਿ ਹੈ। ਇਹ ਥਾਂ "ਸਵਰਗ" ਕਿਹਾ ਗਿਆ।** ਅੰਤਰ ਯਾਤਰਾ ਦਾ ਸਿਖਰ! ਸਤਿਗੁਰ ਇਸ ਥਾਂ ਦੀ ਦੱਸ ਪਾਉਂਦੇ ਹਨ- "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" ਇਸ ਥਾਂ ਰੱਬੀ ਨਾਦ ਵਜ ਰਿਹੈ... ਸੁੰਨ ਸਮਾਧਿ! ਸੰਸਾਰ ਦੇ ਸ਼ੋਰ, ਮਨ, ਬੁੱਧੀ ਦੀ ਚੰਚਲਤਾ ਇਥੇ ਨਹੀਂ ਪਹੁੰਚ ਸਕਦੀ। ਪੰਜਵੇਂ ਪਾਤਸ਼ਾਹ, "ਸੁਖਮਨੀ" ਵਿਚ ਇਸ ਥਾਂ ਦਾ ਭੂਗੋਲ ਦਸਦੇ ਹਨ-

"ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥"

ਇਹ ਵਿਸਮਾਦੀ ਦ੍ਰਿਸ਼ ਹੁੰਦਾ ਹੈ। ਭਗਤ ਚਾਹੇ ਭੀ ਤਾਂ ਇਸ "ਸਵਰਗ" ਬਾਬਤ ਕੁਝ ਦੱਸ, ਲਿਖ ਨਹੀਂ ਸਕਦਾ। ਮਨੁੱਖੀ ਇੰਦ੍ਰੀਆਂ ਤੋਂ ਹੋਣ ਵਾਲੇ ਗਿਆਨ ਤੋਂ ਪਰ੍ਹੇ ਇਕ ਅਲੌਕਿਕ, ਇੰਦ੍ਰੀਆਂ ਤੋਂ ਅਤੀਤ ਆਤਮਾ ਦੇ ਅਨੁਭਵ, ਅਹਿਸਾਸ ਦਾ ਮੰਦਰ! ਭਗਤ ਕਬੀਰ ਜੀ, ਆਪਣਾ ਅਨੁਭਵ, ਇਸ ਥਾਂ ਬਾਬਤ ਕਹਿੰਦੇ ਹਨ-ਇਥੇ ਹੀ ਦਸਵਾਂ ਦਰਵਾਜ਼ਾ ਹੈ। ਨੌ ਦਰਵਾਜ਼ੇ ਇੰਦ੍ਰੀਆਂ ਦੇ ਹਨ। ਦੋ ਅੱਖਾਂ ਦੇ ਦਵਾਰ, ਦੋ ਕੰਨ, ਦੋ ਨਾਸਿਕਾ, ਇਕ ਰਸਨਾ, ਦੋ ਮਲ ਮੂਤਰ ਦੇ ਦਵਾਰ। "ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥ ਕਹਤੁ ਕਬੀਰ ਨਵੈ ਘਰ ਮੂਸੇ, ਦਸਵੈ ਤਤੁ ਸਮਾਈ।" ਨਉ ਦਰਵਾਜ਼ੇ ਲੰਘ ਕੇ ਦਸਵਾਂ ਖੋਲ੍ਹਣਾ ਹੁੰਦੈ। ਇਸ ਦੁਰਲੱਭ ਅੰਤਰ ਸਥਾਨ ਨੂੰ ਸਵਰਗ ਕਿਹਾ ਗਿਆ... ਬੈਕੁੰਠ ਕਿਹਾ ਗਿਆ। ਤਾਂ ਵੇਦਾਂਤ ਨੇ ਕਿਹਾ, "ਸਵ: ਗਮਨ ਕਰੋਤੀ ਸ: ਸਵਰਗ:॥"

ਜਿਹੜਾ ਸਾਧਕ, ਜਿਹੜਾ ਭਗਤ, ਉਥੇ ਪੁੱਜਣ ਦਾ ਲਖਸ਼ ਕਰਦੈ, ਉਹ ਹੌਲੀ-ਹੌਲੀ ਨਉ ਦਰਵਾਜ਼ੇ ਸੰਕੋਚਣੇ ਆਰੰਭ ਕਰ ਦਿੰਦਾ ਹੈ-

"ਮੁੰਦ ਲੀਏ ਦਰਵਾਜੇ, ਬਾਜੀਅਲੇ ਅਨਹਤਾ ਵਾਜੇ।"

ਇਹ ਭਗਤਾਂ ਦਾ ਮਾਰਗ ਹੈ, ਸਾਧਕਾਂ ਦਾ ਪਥ ਹੈ। ਬਹੁਤ ਬਿਖਮ ਮਾਰਗ ਹੈ। ਜਗ ਦੇ ਸਾਰੇ ਬੰਧਨ, ਮੋਹ-ਮਾਇਆ ਦੇ ਸਾਰੇ ਰੱਸੇ ਤੋੜ ਕੇ, ਪੈਰ ਅਗਲੇ ਪਾਇਦਾਨ ਤੇ ਰੱਖਣਾ ਹੁੰਦਾ ਹੈ।

ਪਰ, ਹਜ਼ਾਰਾਂ ਸਾਲਾਂ ਤੋਂ, ਮਨੁੱਖੀ ਚੇਤਨਾ ਨੂੰ, ਦਿਸ਼ਾਹੀਨ ਕਰ ਦਿੱਤਾ ਗਿਆ। ਗਲਤ ਰਾਹ ਤੇ ਪਾ ਦਿੱਤਾ ਗਿਆ। ਸਵਰਗ ਦਾ ਲੋਭ ਦਿੱਤਾ ਗਿਆ, ਇਹ ਧਰਤੀ ਸਵਰਗ ਹੈ। ਸੁੰਦਰ ਬਾਗ, ਨਿਆਰੇ ਪੰਖੀ, ਨਦੀਆਂ, ਝਰਨੇ, ਅਤਿ ਸੁੰਦਰ ਹਨ, ਸਵਰਗ ਜਿਹੇ। ਇਸ ਸ੍ਰਿਸ਼ਟੀ ਦੇ ਪੰਜ

ਤੱਤ, ਹਰ ਜੀਵ ਦੇ ਸਿਰਜਨਕਾਰੀ-ਪੰਜ ਤੱਤ, ਮਿੱਟੀ, ਪਾਣੀ, ਹਵਾ, ਅਗਨ ਅਤੇ ਆਕਾਸ਼। ਇਹ ਸਾਰੇ ਸਾਡੇ ਜਨਮ ਦਾਤਾ ਹਨ, ਪਾਲਨਹਾਰ ਹਨ। ਇਹਨਾਂ ਤੱਤਾਂ ਤੋਂ ਮਨੁੱਖ ਦਾ ਧਿਆਨ, ਕਿਸੇ ਕਲਪਨਾ ਦੇ ਸਵਰਗ ਪਾਸੇ ਤਬਦੀਲ ਕਰ ਦਿੱਤਾ ਗਿਆ। ਮੇਰੀ ਮਾਤਾ, ਮੇਰਾ ਪਿਤਾ, ਮੇਰਾ ਸਤਿਗੁਰ, ਇਹਨਾਂ ਦੇ ਚਰਨਾਂ ਵਿਚ ਸਵਰਗ ਹੈ। ਜਿੱਥੇ ਸੰਤ-ਸਾਧ ਵਸਦੇ ਹਨ, ਉਹ ਬੈਕੁੰਠ ਹੈ, ਪਰ ਹਜ਼ਾਰਾਂ ਸਾਲਾਂ ਤੋਂ ਬਾਰ-ਬਾਰ ਮਨੁੱਖ ਨੂੰ, ਕਿਸੇ ਅਦਿੱਖ ਲੋਕ ਤੇ ਸਵਰਗ ਦਾ ਲੋਭ ਦਿੱਤਾ ਜਾਂਦਾ ਰਿਹਾ। "ਧਰਮ", ਜਿਵੇਂ ਅਸੀਂ ਦਸਦੇ ਹਾਂ, ਕਰਮ, ਜਿਵੇਂ ਦੇ ਅਸੀਂ ਕਰਮ ਕਾਂਡ ਨਿਰਧਾਰਤ ਕਰਦੇ ਹਾਂ, ਉਵੇਂ ਕਰੋ—ਤਾਂ "ਸਵਰਗ" ਦੀ ਪ੍ਰਾਪਤੀ ਹੋਵੇਗੀ। ਦਸਵੀਂ, ਤੇਰ੍ਹਵੀਂ, ਪਿੰਡ ਦਾਨ, ਭੋਜ, ਸਾਰੇ ਅਨੁਸ਼ਠਾਨ, ਪੰਡਿਤਾਂ, ਪੁਰੋਹਿਤਾਂ ਦੇ ਦੱਸੇ ਅਨੁਸਾਰ ਕਰਨ ਦਾ ਵਿਧਾਨ, ਤਾਂ ਜੋ ਮ੍ਰਿਤਕ ਨੂੰ ਸਵਰਗ ਵਿਚ "ਥਾਂ" ਮਿਲ ਸਕੇ। ਇੱਕ ਸੋਚੀ ਸਮਝੀ ਯੋਜਨਾ ਅਨੁਸਾਰ, ਇਹ ਕ੍ਰਮ ਚਲਦਾ ਰਿਹਾ ਹੈ। "ਦੋ ਧਾਰੀ ਤਲਵਾਰ" ਮਨੁੱਖ ਤੇ ਚਲਦੀ ਰਹੀ। ਪੁਜਾਰੀਆਂ ਨੂੰ ਮਾਇਆ ਭੇਂਟ ਹੁੰਦੀ ਰਹੀ ਅਤੇ ਮਨੁੱਖੀ ਚੇਤਨਾ ਨੂੰ ਕਿਸੇ ਕਲਪਨਾ ਦੇ ਸਵਰਗ ਲੋਕ ਵੱਲ ਮੋੜ ਦਿੱਤਾ ਗਿਆ। ਮਨੁੱਖ, ਮਾਤਾ, ਪਿਤਾ, ਗੁਰੂ, ਮਿੱਟੀ, ਹਵਾ, ਪਾਣੀ, ਪਰਿਆਵਰਨ, ਸਾਰਿਆਂ ਤੋਂ ਤੋੜਨ ਦੀ ਸਾਜ਼ਿਸ਼ ਰਚੀ ਗਈ। ਧਰਤੀ ਸਵਰਗ ਸੀ । ਮਨੁੱਖ, ਇਸ ਜਗ ਨੂੰ "ਜੰਨਤ" ਬਣਾ ਸਕਦੇ ਸਨ। ਪਰ ਯੋਜਨਾਬੱਧ ਸਾਜ਼ਿਸ਼ਾਂ ਨੇ ਮਨੁੱਖ ਦੀ ਸੁਰਤ ਹੀ ਤਬਦੀਲ ਕਰ ਦਿੱਤੀ । ਮਨੁੱਖ ਮਰਨ ਤੋਂ ਬਾਅਦ ਸਵਰਗ ਵਿਚ, ਜਿੱਥੇ ਸੁੰਦਰ ਪਰੀਆਂ, ਅਪਸਰਾਵਾਂ ਹੁੰਦੀਆਂ ਹਨ... ਜਿਥੋਂ ਕਾਮਧੇਨੂ ਕਪਿਲਾ ਗਊ, ਜਿਸ ਤੋਂ ਛੱਕਣ ਨੂੰ ਜਿਹੜੇ ਪਦਾਰਥ ਦੀ ਅਭਿਲਾਖਾ ਕਰੋ, ਉਹ ਪਦਾਰਥ ਤਤਕਾਲ ਤਿਆਰ ਮਿਲਦਾ ਹੈ ਕਲਪ ਬ੍ਰਿਖ ਹੇਠ ਬੈਠ ਕੇ ਜੋ ਚਿਤਵੋ, ਉਹ ਪੂਰਨ ਹੁੰਦਾ ਹੈ। ਉਥੇ ਸਦੀਵੀ ਜਵਾਨੀ ਰਹਿੰਦੀ ਹੈ। ਕੋਈ ਬੁੱਢਾ ਨਹੀਂ ਹੁੰਦਾ, ਕੋਈ ਬਿਮਾਰ ਨਹੀਂ ਹੁੰਦਾ। ਲੋਭੀ ਮਨੁੱਖ, ਜੋ ਜੋ ਚਾਹੁੰਦਾ ਹੈ, ਭੋਗ ਦੀ ਉਹ ਸਾਰੀ ਸਮੱਗ੍ਰੀ, ਕਲਪਨਾ ਦੇ ਉਸ ਸਵਰਗ ਵਿਚ, ਮੌਜੂਦ ਦੱਸੀ ਗਈ। ਮਨੁੱਖ, ਭੋਗ ਦੇ ਲੋਭ ਵਿੱਚ ਮੰਦਰਾਂ ਵਿਚ ਤਾਂ ਬੇਸ਼ੁਮਾਰ ਦੌਲਤ ਦਿੰਦਾ ਰਿਹਾ, ਮਾਤਾ-ਪਿਤਾ ਦੀਆਂ ਜ਼ਰੂਰਤਾਂ ਨੂੰ ਭੁੱਲ ਗਿਆ। ਭੈਣ, ਭਰਾ, ਸਮਾਜ, ਸਭ ਵਿਸਰ ਗਏ। ਤਾਂ ਭਗਤ ਕਬੀਰ ਜੀ ਕਹਿੰਦੇ ਹਨ-

"ਨਾ ਜਾਨਾ ਬੈਕੁੰਠ ਕਹਾ ਹੀ॥
ਜਾਨੁ ਜਾਨੁ ਸਭਿ ਕਹਹਿ ਤਹਾ ਹੀ॥"

ਬੈਕੁੰਠ ਕਿੱਥੇ ਹੈ ? ਕੋਈ ਨਹੀਂ ਜਾਣਦਾ। ਪਰ ਬੈਕੁੰਠ ਸਾਰੇ ਜਾਣਾ ਚਾਹੁੰਦੇ ਹਨ। ਉਲਟੀ ਚਾਲ ਚੱਲੀ ਗਈ। ਗੁਰੂ ਚਰਨਾਂ ਵਿਚ ਪਰਮ ਆਨੰਦ ਸੀ, ਸੁਖ ਦਾ ਸਵਰਗ ਵਸਦਾ ਸੀ। ਮਨੁੱਖ ਦੇ ਮਨੋਵਿਗਿਆਨ ਵਿਚ, ਸਵਰਗ ਦੀ ਕਲਪਨਾ ਵਸਾ ਦਿੱਤੀ ਗਈ-ਅਤੇ ਸੱਚ ਹੈ,

"ਜਬ ਲਗ ਮਨ ਬੈਕੁੰਠ ਕੀ ਆਸ॥
ਤਬ ਲਗੁ ਹੋਇ ਨਹੀਂ ਚਰਨ ਨਿਵਾਸੁ॥"

ਮਨੁੱਖ ਨੂੰ, ਉਸ ਦੀਆਂ ਜੜ੍ਹਾਂ ਤੋਂ ਉਖਾੜ ਦਿੱਤਾ ਗਿਆ। ਪੁਜਾਰੀਆਂ ਨੇ ਕਿਹਾ, ਮੰਦਰ ਵਿਚ ਦਾਨ ਕਰੋ, ਦੇਵਤੇ ਲਈ ਸੋਨੇ ਦਾ ਸਿੰਘਾਸਨ ਭੇਂਟ ਕਰੋ ਤੁਹਾਡੇ ਸਾਰੇ ਪਾਪ ਮਿਟ ਜਾਣਗੇ। ਹਰ ਅਪਰਾਧ, ਪਾਪ ਕਰਮ ਤੋਂ ਮੁਕਤੀ ਦਾ ਵਿਧਾਨ, ਪੁਜਾਰੀ ਤਿਆਗ ਦਸਦੇ ਹਨ। ਹਰ ਪਾਪ ਤੋਂ ਮੁਕਤ ਹੋਣ ਦਾ ਰੇਟ ਬਣਿਆ ਹੋਇਆ ਹੈ। ਸੰਨ 1972 ਵਿਚ ਕਪੜੇ ਦੇ ਵਾਪਾਰ ਦੇ ਸਿਲਸਿਲੇ ਵਿਚ, ਹਰ ਪਖਵਾੜੇ ਮੈਂ ਡਾਲਟਨਗੰਜ ਤੋਂ ਰਾਮਾਨੁਜਗੰਜ (ਹੁਣ ਛੱਤੀਸਗੜ੍ਹ) ਜਾਂਦਾ ਸੀ। ਸਾਡੇ ਇਕ ਦੁਕਾਨਦਾਰ ਵਾਪਾਰੀ, ਮੇਸਰਜ਼ "ਕੰਨੀ ਰਾਮ ਕੇਵਲ ਪ੍ਰਸਾਦਿ" ਹੁੰਦੇ ਸੀ। ਚੰਗੇ ਸਰਦੇ ਪੁਜਦੇ ਲੋਗ ਸਨ। ਉਨ੍ਹਾਂ ਆਪਣੇ ਘਰ ਦੇ ਤਬੇਲੇ ਵਿਚ ਦੁੱਧ ਲਈ, ਗਊਆਂ ਰੱਖੀਆਂ ਸਨ। ਸੇਵਾਦਾਰ ਭੀ ਰੱਖੇ ਸਨ। ਇਕ ਸਵੇਰ ਵੇਖਿਆ, ਕਿਲ੍ਹੇ ਨਾਲ ਬੱਧੀ ਹੋਈ ਇਕ ਗਊ ਮਰ ਗਈ ਸੀ। ਰਾਤ, ਪਤਾ ਨਹੀਂ ਕੀ ਹੋਇਆ। ਸੱਪ ਲੜ ਗਿਆ ਜਾਂ ਹੋਰ ਕੁਝ। ਖ਼ੈਰ, ਪੰਡਿਤ ਜੀ ਆਏ। ਦੱਸਿਆ, ਖੁੱਟੇ ਤੇ ਬੱਧੀ ਗਊ ਮਰ ਗਈ ਹੈ। ਜੇ ਮੌਤ ਤੋਂ ਪਹਿਲਾਂ ਗੱਲ ਦਾ ਰੱਸਾ ਖੋਲ੍ਹ ਦਿੰਦੇ ਤਾਂ ਬਚ ਜਾਂਦੇ। ਹੁਣ "ਗਊ ਹੱਤਿਆ" ਦਾ ਮਹਾਂਪਾਪ ਤੁਹਾਡੇ ਸਿਰ ਲੱਗ ਗਿਆ। ਹੁਣ ਕੀ ਵਿਧਾਨ ਹੈ, ਪਾਪ ਤੋਂ ਮੁਕਤੀ ਦਾ?

ਪਾਪ ਮੁਕਤੀ ਦਾ ਅਨੁਸ਼ਠਾਨ ਹੈ। ਪੂਜਾ ਸਮੱਗਰੀ, ਅਨਾਜ ਬਸਤਰ ਦੇ ਨਾਲ ਸੋਨੇ ਦੀ ਗਊ ਦਾਨ ਦਾ ਵਿਧਾਨ ਹੈ। ਪਿੰਡ ਦੇ ਲੋਕਾਂ ਨੂੰ ਭੋਜ ਭੀ ਦਿਉ। ਇਹ ਸਭ ਕੁਝ ਵਿਧੀ ਵਿਧਾਨ ਅਨੁਸਾਰ, ਉਸ ਵਾਪਾਰੀ ਪਰਿਵਾਰ ਨੇ ਕੀਤਾ, ਇਕ ਤੋਲਾ ਸੋਨੇ ਦੀ ਗਊ ਭੀ ਪੁਜਾਰੀ ਨੂੰ ਭੇਂਟ ਕੀਤੀ।

ਪੰਜਵੇਂ ਪਾਤਸ਼ਾਹ ਦਾ ਸਮਾਂ ਸੀ । ਭਾਈ ਤਿਲੋਕੇ ਦੇ ਪਿੰਡ "ਮਹੇਸ਼ ਯੋਗੀ" ਉਤਾਰਾ ਕੀਤਾ। ਚੇਲਿਆਂ ਨੇ ਪਿੰਡ ਵਿੱਚ ਹੋਕਾ ਦਿੱਤਾ, ਸ਼ਿਵਜੀ ਭਗਵਾਨ ਦੇ ਵਿਸ਼ੇਸ਼ ਵਰ ਪ੍ਰਾਪਤ, "ਮਹੇਸ਼ਯੋਗੀ" ਜੀ-ਪਧਾਰੇ ਹਨ। ਜਿਹੜਾ ਦਰਸ਼ਨ ਕਰੇਗਾ, ਉਸ ਨੂੰ ਇਕ ਵਰ੍ਹੇ ਦਾ ਸਵਰਗ ਪ੍ਰਾਪਤ ਹੋਇਗਾ । ਭੀੜਾਂ ਲੱਗ ਗਈਆਂ। ਆਲੇ ਦੁਆਲੇ ਦੇ, ਕਈ ਪਿੰਡਾਂ ਦੇ ਲੋਕ ਇੱਕ ਸਾਲ ਦੇ ਸਵਰਗ ਸੁਖ-ਭੋਗ ਦੇ ਲੋਭ ਵਿਚ ਲਾਈਨਾਂ ਲੱਗ ਦਰਸ਼ਨ ਕਰਦੇ। ਸਾਰੇ ਭਗਤ ਗਏ ਤਾਂ ਪੁੱਛਿਆ,

"ਭਾਈ ਕੋਈ ਅਭਾਗਾ ਰਹਿ ਤੇ ਨਹੀਂ ਗਿਆ ? ਜੀ ਇਕ ਸਿੱਖ ਹੈ, 'ਗੁਰੂ ਅਰਜਨ ਦੇਵ" ਦਾ... ਕਹਿੰਦਾ ਹੈ, "ਆਪਣੇ ਗੁਰੂ ਦੀ ਕਿਰਪਾ ਨਾਲ, ਮੈਨੂੰ ਜੀਉਂਦਿਆਂ ਹੀ ਸਵਰਗ ਤੋਂ ਵੱਧ ਆਨੰਦ ਮਿਲ ਗਿਆ ਹੈ... ਮੋਇਆਂ, ਕਿਸੇ ਸਵਰਗ ਦੀ ਲੋੜ ਨਹੀਂ... ਆਪਣਾ ਵਿਸ਼ੇਸ਼ ਸਿਆਣਾ ਸੇਵਕ ਭੇਜਿਆ, ਇਸ ਸਿੱਖ ਨੂੰ ਦੋ ਸਾਲ ਦਾ ਸਵਰਗ ਦੇ ਆਉ। ਸੇਵਕ ਗਿਆ, ਬਹੁਤ ਸਮਝਾਇਆ, ਪਰ ਸਿੱਖ ਇੱਕੋ ਗੱਲ ਕਰਦਾ, "ਅਨੰਦੁ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ॥"

ਸਤਿਗੁਰ ਤੋਂ ਮਿਲਿਆ, ਸਤਿ ਚਿਤ ਆਨੰਦ ਤੋਂ ਵੱਖ ਹੋਰ ਕਿਸੇ ਸਵਰਗ ਦੀ ਲੋੜ ਨਹੀਂ।

ਮਹੇਸ਼ ਯੋਗੀ ਆਪ ਆਏ। ਗਵਾਂਢ ਦਾ ਕੋਈ ਬਾਲਕ ਕਹਿ ਗਿਆ, ਯੋਗੀ ਜੀ ਆਪ ਆ ਰਹੇ ਹਨ।

ਕਾਹਲੀ, ਕਾਹਲੀ ਭਾਈ ਤਿਲੋਕੇ ਨੇ ਬੂਹੇ ਬਾਰੀਆਂ ਬੰਦ ਕਰ ਲਈਆਂ। ਕਿਤੇ ਭੁਲੇਖੇ ਨਾਲ ਯੋਗੀ ਤੇ ਨਜ਼ਰ ਨਾ ਪੈ ਜਾਏ। ਗੁਰੂ ਦਾ ਸਿੱਖ, ਜੀਵਨ ਮੁਕਤ ਹੁੰਦਾ ਹੈ, ਸਦੀਵੀ ਆਨੰਦ ਦੀ ਮੌਜ ਵਿਚ। ਕਿਤੇ ਇਹ ਨਾ ਹੋਵੇ, ਯੋਗੀ ਦਾ ਭੁਲ ਭੁਲੇਖੇ ਮੂੰਹ ਦਿਸ ਜਾਏ ਔਰ ਮੁਗਾਲਤਾ ਪਾ ਜਾਏ ਕਿ ਮੇਰੇ ਦਰਸ਼ਨ ਕਰ ਕੇ ਮੁਕਤੀ ਮਿਲ ਗਈ।

ਯੋਗੀ ਜੀ ਆਏ। ਨਾਲ ਦੋ ਚੇਲੇ ਭੀ ਆਏ। ਦਰਵਾਜ਼ੇ ਖਿੜਕੀਆਂ ਸਭ ਬੰਦ ਵੇਖੇ। ਬਾਹਰੋਂ ਵਾਜ ਮਾਰੇ, ਵੇ ਸੱਜਣਾਂ ਤੂੰ ਜਿੰਨੇ ਸਾਲ ਦਾ ਕਹੇਂ, ਤੈਨੂੰ ਸਵਰਗ ਦਾ ਵਾਸਾ ਦੇ ਦੇਵਾਂ। ਦਰਵਾਜ਼ਾ ਨਾ ਖੁੱਲਿਆ। ਹਾਰ ਗਿਆ ਯੋਗੀ। ਇਕ ਸਿੱਖ ਦੇ ਆਤਮ ਬਲ ਅਗੇ ਯੋਗ ਬਲ ਫਿੱਕਾ ਪੈ ਗਿਆ। ਅਰਜੋਈ ਕਰਨ ਲੱਗਾ, ਵਾਸਤਾ ਹਈ ਤੈਨੂੰ ਤੇਰੇ ਗੁਰੂ ਦਾ, ਇਕ ਵਾਰ ਦਰਵਾਜ਼ਾ ਖੋਲ੍ਹ, ਮੈਂ ਗੁਰਸਿੱਖ ਦੇ ਦਰਸ਼ਨ ਕਰ ਲਵਾਂ। ਲੈ ਚਲ ਮੈਨੂੰ ਆਪਣੇ ਨਾਲ... ਆਪਣੇ ਗੁਰੂ ਦਾ ਦੀਦਾਰ ਕਰਵਾ ਦੇ। ਵਾਸਤਾ ਈ ਤੈਨੂੰ ਗੁਰੂ ਦਾ। ਭਾਈ ਤਿਲੋਕੇ ਦਰਵਾਜ਼ਾ ਖੋਲਿਆ। ਮੈਨੂੰ ਮੇਰੇ ਗੁਰੂ ਦਾ ਵਾਸਤਾ ਪਾਇਆ ਹੈ। ਬਾਹਰ ਯੋਗੀ ਰੋਂਦਾ ਵੇਖਿਆ। ਵੇ ਸਿੱਖਾ ! ਤੈਨੂੰ ਜਿਹੜੀ ਦਾਤ ਗੁਰੂ ਤੋਂ ਮਿਲੀ ਹੈ, ਕਿਰਪਾ ਕਰ, ਮੇਰੀ ਝੋਲੀ ਵਿਚ ਭੀ, ਉਹ ਸਦੀਵੀ ਆਨੰਦ ਪਵਾ ਦੇ। ਅੱਜ ਤਕ ਮੈਂ ਲੋਭ ਵੇਚਦਾ ਰਿਹਾਂ... ਆਪ ਭੀ ਲੋਭੀਆਂ ਵਿੱਚ ਘਿਰਿਆ ਰਿਹਾਂ। ਭਾਈ ਤਿਲੋਕਾ, ਰੋਂਦੇ, ਯੋਗੀ ਨੂੰ ਵੇਖ, ਦ੍ਰਵ ਗਿਆ। ਨਾਲ ਲੈ ਕੇ ਟੁਰ ਪਿਆ। ਰਸਤੇ ਵਿੱਚ, ਯੋਗੀ ਪੁਛਿਆ, ਤੁਹਾਡੇ ਗੁਰੂ ਦੀ ਉਮਰ ਕਿਤਨੀ ਕੁ ਹੋਵੇਗੀ?
ਜੀ ਹੋਵੇਗੀ, ਤਕਰੀਬਨ 42 ਸਾਲ। ਭਾਈ ਤਿਲੋਕੇ ਕਿਹਾ। "ਬਸ!" ਇਤਨੀ ਛੋਟੀ ਉਮਰ ਦੇ ਹਨ।

ਯੋਗੀ, ਇਕ ਵਾਰ ਫਿਰ ਭ੍ਰਮ ਵਿਚ ਪੈ ਗਿਆ। ਮਨ ਵਿਚ ਸੋਚ ਆਈ, ਮੈਂ ਇਸ ਵੇਲੇ ਢਾਈ ਸੌ ਸਾਲ ਦਾ, ਪੂਰਨ ਯੋਗੀ, ਔਰ ਇਹ ਮਾਤਰ 42 ਸਾਲ ਦੇ । ਮੇਰੇ ਸਾਮ੍ਹਣੇ ਤਾਂ ਬੱਚੇ ਹੀ ਹੋਏ ਨਾ। ਭ੍ਰਮ ਨੇ ਹੰਕਾਰ ਦਾ ਰੂਪ ਧਾਰਿਆ ਤਾਂ ਉਧਰ, ਘਟ ਘਟ ਦੇ ਜਾਨਣਹਾਰ ਸਤਿਗੁਰਾਂ, ਸੇਵਕਾਂ ਨੂੰ ਹੁਕਮ ਦਿੱਤਾ, ਛੇਤੀ ਨਾਲ ਇਸ ਥਾਂ ਨੂੰ, ਚੰਗੀ ਤਰ੍ਹਾਂ ਕਨਾਤਾਂ ਨਾਲ ਘੇਰਾ ਪਾ ਦਿਉ। ਇਕ ਹੰਕਾਰੀ-ਯੋਗੀ ਆ ਰਿਹਾ ਹੈ... ਉਸ ਦੇ ਮੱਥੇ ਨਹੀਂ ਲਗਣਾ। ਹੁਕਮ ਅਨੁਸਾਰ ਚਹੁੰ ਪਾਸੇ ਕਨਾਤਾਂ ਦਾ ਘੇਰਾ ਪਾ ਲਿਆ। ਭਾਈ ਤਿਲੋਕੇ ਨਾਲ, ਉਹ ਯੋਗੀ ਭੀ ਉਥੇ ਪਹੁੰਚਿਆ। ਦੁਵਿਧਾ ਵਿਚ ਪਿਆ, ਬਾਹਰੋਂ ਬਚਨ ਕਰਨਾ ਚਾਹੁੰਦਾ ਹੈ। ਸਤਿਗੁਰ ਜੀ ਪੁੱਛਿਆ, "ਯੋਗੀ ਜੀ ਤੁਹਾਡਾ ਇਕ ਕੰਨ, ਖੱਬੇ ਪਾਸੇ ਦਾ ਕਿੱਥੇ ਗਿਆ।"

ਯੋਗੀ ਹੈਰਾਨ ਹੋਇਆ। ਫੇਰ ਸੋਚਿਆ ਸ਼ਾਇਦ ਕਿਤੋਂ ਨਜ਼ਰ ਪੈ ਗਈ ਹੋਵੇਗੀ। ਇਹ ਕਹਾਣੀ ਸਿਰਫ਼ ਯੋਗੀ ਹੀ ਜਾਣਦਾ ਸੀ। ਤਕਰੀਬਨ 240 ਵਰ੍ਹੇ ਪਹਿਲਾਂ, ਦਸ ਵਰ੍ਹੇ ਦੀ ਉਮਰੇ, ਇਕ ਦਰਿਆ ਵਿਚ ਇਸ਼ਨਾਨ ਕਰਦਿਆਂ, ਕੰਨ ਵਿਚ ਪਈ ਮੁੰਦਰਾ ਸਹਿਤ, ਇਕ ਮੱਛ ਝਪੱਟਾ ਮਾਰ ਕੇ ਇਕ ਕੰਨ ਪੁੱਟ ਕੇ ਲੈ ਗਿਆ। ਉਦੋਂ ਦਾ, ਉਵੇਂ ਦੀ ਮੁੰਦਰਾ ਵਾਲਾ ਬਸ ਇਕ ਸੱਜਾ ਕੰਨ ਹੈ ਸੀ। ਪਰ ਇਹ ਕੰਨ ਵਾਲੀ ਗੱਲ ਤਾਂ ਮੇਰੇ ਚੇਲਿਆਂ ਨੂੰ ਭੀ ਨਹੀਂ ਪਤਾ। ਇਕ ਗੁਪਤ ਘਟਨਾ ਯੋਗੀ ਹੀ ਇਕੱਲਾ ਜਾਣਦਾ ਸੀ। ਕਨਾਤ ਦੇ ਉਪਰੋਂ ਸਤਿਗੁਰਾਂ ਦਾ ਹੱਥ ਬਾਹਰ ਆਇਆ, "ਵੇਖੋ ਯੋਗੀ ਜੀ, ਕਿਤੇ ਇਹ ਤਾਂ ਨਹੀਂ?" ਸਤਿਗੁਰੂ ਜੀ।

ਯੋਗੀ ਲਈ, ਹੈਰਾਨੀ ਦੀ ਕੋਈ ਹੱਦ ਨਾ ਰਹੀ। ਵਿਸਮਾਦ-ਵਿਸਮਾਦ! ਉਹੋ ਮੇਰਾ ਕੰਨ, ਉਹੋ ਮੁੰਦਰਾ ਸਹਿਤ! ਦੋ ਸੌ ਚਾਲ੍ਹੀ ਵਰ੍ਹੇ ਪਹਿਲਾਂ ਦੀ ਘਟਨਾ! ਅੱਜ ਮੇਰਾ ਉਹ ਕੰਨ ਰੋ ਪਿਆ। ਸਤਿਗੁਰ ਮੈਂ ਅੱਜ ਤਾਂਈ ਭੁਲਿਆ ਹੋਇਆ ਸਾਂ। ਥੋੜ੍ਹੀ ਜਿਹੀ ਤੰਤਰ ਵਿਦਿਆ! ਮਾੜੀ ਜਿਹੀ ਯੋਗ ਸ਼ਕਤੀ! ਦੁਨੀਆਂ ਨੂੰ ਪ੍ਰਭਾਵਤ ਕਰਨ ਵਿਚ ਸਮਾਂ ਗਵਾਂ ਲਿਆ। ਕਿਰਪਾ ਕਰੋ ਮੈਨੂੰ ਸਿੱਖੀ ਬਖ਼ਸ਼ੋ! ਤਾਂ ਭਗਤ ਕਬੀਰ ਜੀ ਕਹਿੰਦੇ ਹਨ-

ਉਹ ਪ੍ਰਮਾਤਮਾ, "ਪਰਮਿਤਿ" ਹੈ, ਉਸ ਦੀ ਮਿਤ ਨਹੀਂ ਪਾਈ ਜਾ ਸਕਦੀ, "ਪਰ ਮਨ" ਹੈ, ਕਿਸੇ ਦੀ ਸੋਚ ਵਿਚ ਨਹੀਂ ਆ ਸਕਦਾ। ਪਰ ਧਰਮ ਦੇ ਸੌਦਾਗਰ "ਬਾਤਨ ਹੀ ਬੈਕੁੰਠ ਸਮਾਨਾ" ਗੱਲਾਂ ਨਾਲ ਹੀ ਬੈਕੁੰਠ ਵਿਚ ਪੁੱਜਣ ਦੀ, ਦੂਜਿਆਂ ਨੂੰ ਪਹੁੰਚਾਣ ਦਾ ਦਾਅਵਾ ਕਰਦੇ ਹਨ। ਉਹ ਲੋਗ ਜਾਂ ਤਾਂ ਅਪਰਾਧੀ ਹਨ, ਜਗ ਨੂੰ ਗੁਮਰਾਹ ਕਰਨ ਦੇ ਜਾਂ ਫਿਰ ਭੋਲੇ ਲੱਗ ਹਨ, ਤਰਸ ਦੇ ਪਾਤਰ!

..................................................

# ਵੀਹ ਸਾਲ ਦੀ ਇਕਾਂਤ ਸਾਧਨਾ

**ਡਾ. ਤ੍ਰਿਲੋਚਨ ਸਿੰਘ**

ਬਕਾਲਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਬਿਆਸ ਰੇਲਵੇ ਸਟੇਸ਼ਨ ਤੋਂ ਢਾਈ ਮੀਲ ਵਿੱਥ ਤੇ ਹੈ। ਸਤਾਰ੍ਹਵੀਂ ਸਦੀ ਵਿਚ ਹੀ ਬਿਆਸਾ ਦੇ ਕਿਨਾਰੇ ਇਕ ਬੜਾ ਭਾਰੀ ਤਜਾਰਤੀ ਸ਼ਹਿਰ ਸੀ। ਇਥੇ ਬਾਬਾ ਤੇਗ ਬਹਾਦਰ ਦੇ ਨਾਨਾ ਤੇ ਨਾਨੀ ਜੀ ਰਹਿੰਦੇ ਸਨ ਜਿਨ੍ਹਾਂ ਦਾ ਨਾਮ ਸੀ ਭਾਈ ਹਰੀ ਚੰਦ ਤੇ ਹਰਿ ਦੇਵੀ।

ਬਕਾਲੇ ਵਿਚ ਹੀ ਗੁਰੂ ਸਾਹਿਬ ਦਾ ਅਨਿਨ ਭਗਤ ਭਾਈ ਮਹਿਰਾ ਰਹਿੰਦਾ ਸੀ। ਇਸ ਨੇ ਇਕ ਬੜਾ ਸੁੰਦਰ ਮਕਾਨ ਬਣਾਇਆ ਸੀ ਤੇ ਗੁਰੂ ਹਰਿਗੋਬਿੰਦ ਅਤੇ ਮਾਤਾ ਗੰਗਾ ਜੀ ਨੂੰ ਇਥੇ ਕੁਝ ਸਮਾਂ ਠਹਿਰਣ ਲਈ ਉਚੇਚਾ ਬੁਲਾਇਆ ਸੀ। ਗੁਰੂ ਸਾਹਿਬ ਪਰਿਵਾਰ ਸਮੇਤ ਇਥੇ ਆਏ ਸਨ। ਨਾਲ ਹੀ ਮਾਤਾ ਗੰਗਾ ਜੀ ਆਏ। ਇਥੇ ਮਹਿਰੇ ਦੇ ਨਿਵਾਸ ਅਸਥਾਨ ਤੇ ਹੀ ਮਾਤਾ ਗੰਗਾ ਜੀ ਦਾ ਦਿਹਾਂਤ ਹੋਇਆ। ਭਾਈ ਮਹਿਰੇ ਨੇ ਬੇਨਤੀ ਕੀਤੀ "ਮਹਾਰਾਜ ਇਥੇ ਹੀ ਪੱਕਾ ਟਿਕਾਣਾ ਕਰੋ।" ਸਾਰਾ ਨਵਾਂ ਮਕਾਨ ਗੁਰੂ ਸਾਹਿਬ ਦੀ ਸੇਵਾ ਲਈ ਸੌਂਪਿਆ। ਸਤਿਗੁਰੂ ਨੇ ਆਖਿਆ, "ਤੇਰਾ ਘਰ ਮੇਰਾ ਘਰ ਰਹੇਗਾ। ਇਸ ਅਸਥਾਨ ਨੂੰ ਬੜੇ ਭਾਗ ਲਗਣਗੇ। ਇਹ ਬੜਾ ਪੂਜਯ ਅਸਥਾਨ ਬਣੇਗਾ।" ਜੋਤੀ ਜੋਤਿ ਸਮਾਣ ਤੋਂ ਕੁਝ ਦਿਨ ਪਹਿਲਾਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਤਪੱਸਵੀ ਸਾਹਿਬਜ਼ਾਦੇ ਨੂੰ ਹੁਕਮ ਕੀਤਾ, "ਬੇਟਾ ਤੇਗ ਬਹਾਦਰ, ਬਕਾਲੇ ਜਾਉ। ਟਿਕਾਣਾ ਭਾਈ ਮਹਿਰੇ ਦੇ ਨਿਵਾਸ ਅਸਥਾਨ ਤੇ ਕਰਨਾ। ਓਥੇ ਇਕਾਂਤ ਮਾਣੋ। ਸੱਚੀ ਘਾਲਣਾ ਘਾਲੋ। ਤੁਹਾਡੀ ਘਾਲਣਾ ਨੂੰ ਧਰੂਅ ਦੀ ਤਪੱਸਿਆ ਜੇਹੀ ਅਟੱਲ ਪਦਵੀ ਮਿਲੇਗੀ।"

ਹਰਿਗੋਬਿੰਦਪੁਰੇ ਦੀ ਕਾਰਗੁਜ਼ਾਰ ਲਈ ਹੁਕਮ ਹੋਇਆ ਕਿ ਇਹ ਬਾਬਾ ਤੇਗ ਬਹਾਦਰ ਨੂੰ ਪਹੁੰਚੇ। ਗੁਰੂ ਹਰਿ ਰਾਇ ਸਾਹਿਬ ਨੂੰ ਹੁਕਮ ਹੋਇਆ ਕਿ ਆਪਣੇ ਚਾਚਾ ਤੇਗ ਬਹਾਦਰ ਦਾ ਪਿਤਾ ਵਾਂਗ ਸਨਮਾਨ ਕਰਨਾ।

ਇਸ ਪਾਵਨ ਅਸਥਾਨ ਬਕਾਲੇ ਵਿਚ ਬਾਬਾ ਤੇਗ ਬਹਾਦਰ ਨੇ ਮਾਰਚ ੧੬੪੪ ਤੋਂ ਲੈ ਕੇ ਮਾਰਚ ੧੬੬੪ ਈ: ਤਕ ਪੂਰੇ ਵੀਹ ਸਾਲ ਘੋਰ ਤਪੱਸਿਆ ਕੀਤੀ।

ਇਹ ਤਪੱਸਿਆ ਕੇਵਲ ਬਾਬਾ ਤੇਗ ਬਹਾਦਰ ਜੀ ਨੇ ਹੀ ਨਹੀਂ ਕੀਤੀ ਬਲਕਿ ਉਨ੍ਹਾਂ ਦੀ ਸੁਘੜ ਤੇ ਗਿਆਨ ਅਰੂੜ ਪਤਨੀ ਮਾਤਾ ਗੁਜਰੀ ਨੇ ਵੀ ਕੀਤੀ ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ :

ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ।
ਤਿਨ ਜੋ ਕਰੀ ਅਲਖ ਕੀ ਸੇਵਾ।
ਤਾਂਤੇ ਭਏ ਪ੍ਰਸੰਨ ਗੁਰ ਦੇਵਾ।
ਤਿਨ ਪ੍ਰਭ ਜਬ ਆਇਸ ਮੁਹਿ ਦੀਯਾ।
ਤਬ ਹਮ ਜਨਮ ਕਲੂ ਮਹਿ ਲੀਯਾ।
– ਪਾ: ੧੦ ਬਚਿਤ੍ਰ ਨਾਟਕ, ਅਧਿ: ੬, ੩, ੪

ਬਾਬਾ ਤੇਗ ਬਹਾਦਰ ਜੀ ਨੇ ਅਲੱਖ ਨੂੰ ਅਰਾਧਿਆ ਨਾਮ ਸਿਮਰਨ ਸਾਧਨਾ ਦੀ ਘੋਰ ਘਾਲਣਾ ਘਾਲੀ ਤੇ ਸਹਿਜ ਜੋਗ ਦੀ ਸਾਧਨਾ ਸਾਧੀ। ਗੁਰੂ ਸਾਹਿਬ ਦਾ ਸਹਿਜ ਜੋਗ ਨਾ ਨਾਥ ਜੋਗੀਆਂ ਵਾਲਾ ਕਸ਼ਟ ਜੋਗ ਸੀ ਤੇ ਨਾ ਹੀ ਉਨ੍ਹਾਂ ਦੀ ਸਾਧਨਾ ਵੈਰਾਗੀ ਤਿਆਗੀ ਸੰਨਿਆਸੀਆਂ ਵਾਲੀ ਸੀ। ਘਰ ਵਿਚ ਹੀ ਉਨ੍ਹਾਂ ਨੇ ਗੁਫਾ ਬਣਾਈ ਹੋਈ ਸੀ ਜਿਸ ਵਿਚ ਬੈਠ ਕੇ ਸਿਮਰਨ ਨਿਧਿਆਸਨ ਵਿਚ ਜੁਟੇ ਰਹਿੰਦੇ। ਮਾਤਾ ਗੁਜਰੀ ਜੀ ਉਨ੍ਹਾਂ ਦੀ ਸੇਵਾ ਵਿਚ ਰਹਿੰਦੇ । ਕਿਰਪਾਲ ਚੰਦ ਕੀਰਤਪੁਰ ਗੁਰੂ ਹਰਿ ਰਾਇ ਦੀ ਫ਼ੌਜ ਵਿਚ ਸਨ। ਉਹ ਵੀ ਕਦੀ ਕਦੀ ਆਉਂਦੇ ਗੁਰੂ ਦਰਬਾਰ ਵਲੋਂ ਪਿਆਰ ਭੇਟਾ ਲੈ ਕੇ ਤੇ ਕੁਝ ਦਿਨ ਰਹਿ ਕੇ ਚਲੇ ਜਾਂਦੇ।

ਬਾਬਾ ਤੇਗ ਬਹਾਦਰ ਜੀ ਆਏ ਗਏ ਜਗਿਆਸੂਆਂ ਨੂੰ ਇਕਾਂਤ ਵਿਚ ਮਿਲਦੇ, ਉਨ੍ਹਾਂ ਨੂੰ ਸਹਿਜ ਸਿਧਾਤਾਂ ਦਾ ਉਪਦੇਸ਼ ਕਰਦੇ, ਅਤੇ ਨਿਰਲੇਪ ਰਹਿ ਕੇ ਸੰਸਾਰ ਦੀ ਕਾਰ ਕਰਨ ਲਈ ਪ੍ਰੇਰਦੇ। ਕਦੀ ਕਦੀ ਉਹ ਸ਼ਿਕਾਰ ਵੀ ਚੜ੍ਹਦੇ:

ਗੁਰ ਤੇਗ ਬਹਾਦਰ ਜੀ ਤਹਾਂ ਬਸੇ।
ਰਹੇ ਗੋਪ ਅਲਿਪਤ ਆਤਮ ਰੰਗ ਰਸੇ।
ਕਾਹੂ ਕੋ ਦਰਸਨ ਨਹੀ ਹੋਇ।
ਰਹੇ ਇਕਾਂਤ ਤਹਾ ਪਹੁੰਚਤ ਕੋਇ।
ਜਬ ਕਬ ਚੜ੍ਹ ਸ਼ਿਕਾਰ ਪ੍ਰਭ ਜਾਵੈ।
ਨਹੀਂ ਲਹੇ ਸਮਾਂ ਕੋਊ ਦਰਸ ਪਾਵੇ।
ਮਹਿਮਾ ਪ੍ਰਕਾਸ਼

ਇਨ੍ਹਾਂ ਦਿਨਾਂ ਵਿਚ ਦਾਰਾਸ਼ਿਕੋਹ ਲਾਹੌਰ ਦਾ

ਵਾਇਸਰਾਇ ਸੀ। ਗੁਰੂ ਹਰਿਰਾਇ ਜੀ ਦੇ ਦਰਸ਼ਨਾਂ ਤੋਂ ਬੜਾ ਪ੍ਰਭਾਵਤ ਹੋਇਆ ਸੀ, ਇਸ ਲਈ ਗੁਰੂ ਸਾਹਿਬ ਨਾਲ ਚਿੱਠੀ ਪੱਤ੍ਰ ਵੀ ਰਖਦਾ ਸੀ। ਗੁਰੂ ਹਰਿ ਰਾਇ ਜੀ ਨੂੰ ਛੇਵੇਂ ਪਾਤਸ਼ਾਹ ਹੁਕਮ ਕਰ ਗਏ ਸਨ ਕਿ "ਫ਼ੌਜ ਹਮੇਸ਼ਾ ਰਖਣੀ, ਪਰ ਕੇਵਲ ਦਰਬਾਰ ਦੀ ਰੱਖਿਆ ਲਈ ਤੇ ਗ਼ਰੀਬ ਦੀ ਰੱਖਿਆ ਲਈ ਵਰਤਣੀ। ਰਿਆਸਤਾਂ ਦੇ ਝਗੜਿਆਂ ਵਿਚ ਆਉਣ ਦੀ ਕੋਈ ਲੋੜ ਨਹੀਂ। ਰਾਜਿਆਂ ਦੀਆਂ ਲੜਾਈਆਂ ਵਿਚ ਤੇ ਦਿੱਲੀ ਤਖ਼ਤ ਦੀਆਂ ਲੜਾਈਆਂ ਤੋਂ ਨਿਰਲੇਪ ਤੇ ਅਟੰਕ ਰਹਿਣਾ।"

ਤਾਰਾ ਚੰਦ, ਕਹਿਲੂਰ ਦਾ ਰਾਜਾ ਬੜਾ ਅੱਖੜ ਸੁਭਾ ਦਾ ਸੀ। ਸਰਹੰਦ ਦੇ ਸੂਬੇ ਨੇ ਇਸ ਉਤੇ ਹਮਲਾ ਕਰ ਦਿਤਾ। ਇਸ ਸਮੇਂ ਗੁਰੂ ਸਾਹਿਬ ਨੇ ਆਪਣੀਆਂ ਫ਼ੌਜਾਂ ਕੀਰਤਪੁਰ ਤੋਂ ਹਟਾ ਲਈਆਂ ਅਤੇ ਥਾਪਲ ਚਲੇ ਗਏ। ਗੁਰੂ ਜੀ ਦੀ ਉਮਰ ਇਸ ਸਮੇਂ ਕੇਵਲ ੧੪ ਸਾਲ ਦੀ ਸੀ। ਰਾਜਾ ਤਾਰਾ ਚੰਦ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਜਦ ਉਸ ਨੇ ਰੁਪਿਆ ਤਾਰ ਦਿੱਤਾ ਉਸ ਨੂੰ ਛੱਡ ਦਿੱਤਾ, ਤੇ ਉਹ ਵਾਪਸ ਆਪਣੀ ਰਿਆਸਤ ਵਿਚ ਚਲਿਆ ਗਿਆ।

ਦਾਰਾਸ਼ਿਕੋਹ ਦੇ ਪ੍ਰਬੰਧ ਵਿਚ ਪੰਜਾਬ ਬੜਾ ਖ਼ੁਸ਼ਹਾਲ ਰਿਹਾ। ਅਨਿਆਇ ਤੇ ਜ਼ੁਲਮ ਕਰਨ ਵਾਲੇ ਅਫ਼ਸਰਾਂ ਨੂੰ ਫ਼ੌਰਨ ਬਦਲ ਦਿੱਤਾ ਜਾਂਦਾ ਸੀ। ਕਿਉਂਕਿ ਗੁਰੂ ਹਰਿ ਰਾਇ ਸਾਹਿਬ ਨੇ ਦਾਰਾਸ਼ਿਕੋਹ ਦੇ ਇਲਾਜ ਲਈ ਦੁਆਈ ਭੇਜੀ ਸੀ ਜਿਸ ਨਾਲ ਉਸ ਨੂੰ ਆਰਾਮ ਆ ਗਿਆ। ਇਸ ਲਈ ਸ਼ਾਹਜਹਾਨ ਵੀ ਬੜਾ ਸਤਿਕਾਰ ਕਰਨ ਲੱਗਾ। ਪਰ ਹੋਣੀ ਨੇ ਐਸਾ ਚੱਕਰ ਚਲਾਇਆ ਕਿ ਭਾਰਤ ਦੇ ਇਤਿਹਾਸ ਵਿਚ ਅਚਾਨਕ ਇਕ ਖ਼ਤਰਨਾਕ ਮੋੜ ਆ ਗਿਆ।

ਸ਼ਾਹਜਹਾਨ ੬, ਸਤੰਬਰ ੧੬੫੭ ਈ: ਨੂੰ ਅਚਾਨਕ ਬੀਮਾਰ ਹੋ ਗਿਆ। ਹਾਲਤ ਉਸ ਦੀ ਐਸੀ ਹੋ ਗਈ ਕਿ ਉਹ ਝਰੋਖੇ ਵਿਚੋਂ ਦਰਸ਼ਨ ਦੇਣੋਂ ਹਟ ਗਿਆ ਤੇ ਕੁਝ ਸਮਾਂ ਦਰਬਾਰ ਵੀ ਨਾ ਲਾ ਸਕਿਆ। ਦਿੱਲੀ ਦਾ ਰਾਜ ਪ੍ਰਬੰਧ ਉਸ ਨੇ ਦਾਰਾਸ਼ਿਕੋਹ ਨੂੰ ਸੌਂਪ ਦਿੱਤਾ। ਦਾਰਾਸ਼ਿਕੋਹ ਬੜਾ ਨੇਕ ਨੀਯਤ ਤੇ ਵਿਦਵਾਨ ਸੀ, ਪਰ ਨੀਤੀਵਾਨ ਨਹੀਂ ਸੀ।

ਔਰੰਗਜ਼ੇਬ ਨੇ ਪਹਿਲਾਂ ਆਪਣੇ ਸ਼ਰਾਬੀ ਕਬਾਬੀ ਭਰਾ ਮੁਰਾਦ ਨਾਲ ਸੁਲ੍ਹਾ ਕਰ ਲਈ ਤੇ ਉਸ ਨਾਲ ਮਿਲ ਕੇ ਦਾਰਾਸ਼ਿਕੋਹ ਉਤੇ ਹਮਲਾ ਕਰ ਦਿੱਤਾ। ਲੜਾਈ ਸਮੂਰਗੜ੍ਹ ਹੋਈ। ਦਾਰਾਸ਼ਿਕੋਹ ਵੱਲ ਰਾਜਪੂਤ ਰਾਜੇ ਲੜ ਰਹੇ ਸਨ। ਉਨ੍ਹਾਂ ਨੇ ਔਰੰਗਜ਼ੇਬ ਦੀ ਫ਼ੌਜ ਦੇ ਪੈਰ ਉਖਾੜ ਦਿੱਤੇ। ਔਰੰਗਜ਼ੇਬ ਨੇ ਹੁਕਮ ਦਿਤਾ ਕਿ ਉਸ ਦੇ ਹਾਥੀ ਦੇ ਪੈਰ ਸੰਗਲਾਂ ਨਾਲ ਉਸੇ ਥਾਂ ਕੀਲ ਦਿਤੇ ਜਾਣ ਤਾਂ ਜੋ ਉਸ ਦੀ ਫ਼ੌਜ ਆਪਣੇ ਨੇਤਾ ਨੂੰ ਲੜਦਿਆਂ ਵੇਖ ਕੇ ਪਿਛੇ ਨਾ ਹਟੇ। ਔਰੰਗਜ਼ੇਬ ਦੀ ਫੌਜ ਪਿਛੇ ਹਟਦੀ ਦੇਖ ਕੇ ਦਾਰਾਸ਼ਿਕੋਹ ਆਪਣੇ ਹਾਥੀ ਤੋਂ ਉਤਰ ਗਿਆ। ਦਾਰਾ ਦੇ ਹਾਥੀ ਦਾ ਹਉਦਾ ਖ਼ਾਲੀ ਦੇਖ ਕੇ ਉਸ ਦੀਆਂ ਫ਼ੌਜਾਂ ਵਿਚ ਕੰਨੋਂ ਕੰਨੀ ਅਫ਼ਵਾਹ ਫੈਲ ਗਈ ਕਿ ਦਾਰਾ ਮਰ ਗਿਆ ਹੈ। ਦਾਰੇ ਦੀ ਫ਼ੌਜ ਪਿਛਾਂਹ ਹਟ ਗਈ। ਰਾਜਾ ਜੈ ਸਿੰਘ ਆਦਿ ਰਾਜਪੂਤ ਵੀ ਦਿਲ ਛਡ ਗਏ। ਬਜਾਏ ਲੜੀ ਜਾਣ ਦੇ ਉਹ ਔਰੰਗਜ਼ੇਬ ਨਾਲ ਜਾ ਰਲੇ।

ਦਾਰਾ ਪੰਜਾਬ ਵਲ ਦੌੜਿਆ। ਇਸ ਸੂਬੇ ਦੀਆਂ ਫ਼ੌਜਾਂ ਇਸ ਦੇ ਹੱਕ ਵਿਚ ਸਨ। ਉਸ ਨੇ ੨੦੦,੦੦੦ ਫ਼ੌਜ ਰੋਪੜ ਸਥਾਪਤ ਕੀਤੀ। ਬਿਆਸ ਤੇ ਹੋਰ ਪਤਨਾਂ ਤੇ ਭੀ ਫ਼ੌਜ ਰਖੀ। ਜੁਲਾਈ ਦੇ ਆਰੰਭ ਵਿਚ ਉਹ ਲਾਹੌਰ ਪਹੁੰਚ ਗਿਆ ਅਤੇ ਉਥੇ ਦੇ ਖ਼ਜ਼ਾਨੇ ਤੇ ਕਬਜ਼ਾ ਕਰ ਲਿਆ।

ਗੁਰੂ ਹਰਿਰਾਇ ਜੀ ਜੂਨ ਵਿਚ ਬਾਬਾ ਤੇਗ਼ ਬਹਾਦਰ ਜੀ ਨੂੰ ਮਿਲਣ ਆਏ। ਜਦ ਦਾਰਾਸ਼ਿਕੋਹ ਇਧਰੋਂ ਲੰਘਿਆ ਤਾਂ ਉਹ ਤੀਸਰੇ ਪਾਤਸ਼ਾਹ ਦੇ ਪਰਵਾਰ ਪਾਸ ਗੋਇੰਦਵਾਲ ਸਨ। ਇਥੇ ਗੁਰੂ ਸਾਹਿਬ ਨਾਲ ਮੇਲ ਹੋਇਆ। ਹੋ ਸਕਦਾ ਹੈ ਦਾਰਾਸ਼ਿਕੋਹ ਇਥੇ ਇਕ ਦੋ ਦਿਨ ਠਹਿਰਿਆ ਹੋਵੇ! ਅਗਸਤ ਵਿਚ ਜਦ ਲੜਾਈ ਦੇ ਬੱਦਲ ਹੋਰ ਗਹਿਰੇ ਹੋ ਗਏ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ ਗੁਰੂ ਸਾਹਿਬ ਆਪਣੀ ਫ਼ੌਜ ਸਮੇਤ ਸਿਆਲਕੋਟ ਚਲੇ ਗਏ।

ਇਕ ਮਹੀਨੇ ਬਾਅਦ ਔਰੰਗਜ਼ੇਬ ਦੀਆਂ ਫ਼ੌਜਾਂ ਉਸ ਦੇ ਜਰਨੈਲ ਬਹਾਦਰ ਖ਼ਾਨ ਦੀ ਕਮਾਨ ਥੱਲੇ ਪਹੁੰਚੀਆਂ। ਸਤਿਲੁਜ ਤੇ ਬਿਆਸ ਦੇ ਪਤਨਾਂ ਤੇ ਦਾਰਾ ਦੀਆਂ ਫ਼ੌਜਾਂ ਹਾਰ ਗਈਆਂ। ਜਦ ਗੋਇੰਦਵਾਲ ਦੇ ਨੇੜੇ ਲੜਾਈ ਹੋ ਰਹੀ ਸੀ ਦਾਰਾਸ਼ਿਕੋਹ ਲਾਹੌਰੋਂ ਨੱਸ ਗਿਆ। ਕਈ ਮੁਸੀਬਤਾਂ ਝਾਗਦਾ ਆਖ਼ਰ ਫੜਿਆ ਗਿਆ। ਉਸ ਦੀ ਪਤਨੀ ਇਨ੍ਹਾਂ ਕਸ਼ਟਾਂ ਵਿਚ ਹੀ ਦਮ ਤੋੜ ਗਈ। ਦਾਰਾ ਨੂੰ ਔਰੰਗਜ਼ੇਬ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਦਿਤਾ।

ਕਾਹਲੂਰ ਰਾਜ ਦਾ ਰਾਜਾ ਤਾਰਾ ਚੰਦ ੧੫੫੩ ਈ: ਵਿਚ ਮਰ ਗਿਆ। ਉਸ ਦੀ ਥਾਂ ਉਸ ਦਾ ਪੁੱਤਰ ਦੀਪ ਚੰਦ ਬੈਠਾ। ਉਸ ਨੇ ਔਰੰਗਜ਼ੇਬ ਦੀ ਮਦਦ ਕੀਤੀ। ਔਰੰਗਜ਼ੇਬ ਨੇ ਉਸ ਨੂੰ ਖ਼ਿਲਅੱਤ ਦਿੱਤੀ ਅਤੇ ੨੨ ਧਾਰ ਦੇ ਰਾਜਿਆਂ ਦਾ ਮੁਖੀ ਥਾਪ ਦਿੱਤਾ। ਪਰ ਕਾਂਗੜੇ ਦੇ ਰਾਜੇ ਨੇ ਉਸ ਨੂੰ ਜ਼ਹਿਰ ਦੇ ਕੇ ਮਰਵਾ ਦਿਤਾ ਸੀ।

ਔਰੰਗਜ਼ੇਬ ੧੬੫੭ ਈ: ਵਿਚ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਵਿਚ ਸੁੱਟ ਕੇ ਦਿੱਲੀ ਦੇ ਤਖ਼ਤ ਤੇ ਬੈਠ

ਗਿਆ। ਇਨ੍ਹਾਂ ਦਿਨਾਂ ਵਿਚ ਭਾਈ ਬਲੂ ਜੋ ਅੰਮ੍ਰਿਤਸਰ ਦੇ ਜੰਗ ਵਿਚ ਸ਼ਹੀਦ ਹੋਇਆ ਦੇ ਪੋਤੇ ਮਨੀ ਰਾਮ (ਜੋ ਪਿਛੋਂ ਮਨੀ ਸਿੰਘ ਕਰਕੇ ਪ੍ਰਸਿੱਧ ਹੋਏ) ਗੁਰੂ ਸਾਹਿਬ ਦੀ ਚਰਨ ਸ਼ਰਨ ਆਏ। ਇਨ੍ਹਾਂ ਦੇ ਦੋ ਵਡੇ ਭਰਾ ਭਾਈ ਦਇਆਲਾ ਤੇ ਭਾਈ ਜੇਠਾ ਪਹਿਲਾਂ ਹੀ ਸੇਵਾ ਵਿਚ ਹਾਜ਼ਰ ਸਨ। ਇਨ੍ਹਾਂ ਦਿਨਾਂ ਵਿਚ ਹੀ ਗੁਰੂ ਹਰਿਰਾਇ ਦੇ ਅਨਿਨ ਪ੍ਰੇਮੀ ਭਾਈ ਹੀਰਾ ਨੰਦ ਜੀ ਚੜ੍ਹਾਈ ਕਰ ਗਏ। ਗੁਰੂ ਸਾਹਿਬ ਨੇ ਹੀਰਾ ਨੰਦ ਦੇ ਦੋ ਹੋਣਹਾਰ ਪੁੱਤਰਾਂ ਨੂੰ ਜਿਨ੍ਹਾਂ ਦੇ ਨਾਮ ਮਤੀ ਦਾਸ ਤੇ ਸਤੀ ਦਾਸ ਸਨ, ਦਰਬਾਰ ਵਿਚ ਬੜੇ ਮਾਣ ਵਾਲੀ ਥਾਂ ਦਿੱਤੀ।

ਜਿਵੇਂ ਗੁਰੂ ਅਰਜਨ ਵਿਰੁੱਧ ਗੁਰ ਧ੍ਰੋਹੀਆਂ ਨੇ ਜਹਾਂਗੀਰ ਨੂੰ ਭੜਕਾਇਆ ਸੀ, ਤਿਵੇਂ ਹੀ ਇਨ੍ਹਾਂ ਨੇ ਗੁਰੂ ਹਰਿਰਾਇ ਵਿਰੁਧ ਔਰੰਗਜ਼ੇਬ ਪਾਸ ਸ਼ਕਾਇਤਾਂ ਪਹੁੰਚਾਈਆਂ। ਪਰ ਗੁਰੂ ਸਾਹਿਬ ਦੀ ਪ੍ਰਸੰਸਾ ਕਰਨ ਵਾਲੇ ਵੀ ਕਾਫ਼ੀ ਸਨ। ਜੈਪੁਰ ਦੇ ਰਾਜਾ ਜੈ ਸਿੰਘ ਤੇ ਰਾਜਾ ਰਾਮ ਸਿੰਘ ਗੁਰੂ ਘਰ ਲਈ ਖ਼ਾਸ ਸ਼ਰਧਾ ਰਖਦੇ ਸਨ। ਬਿਲਾਸਪੁਰ ਦਾ ਰਾਜਾ ਜਿਸ ਦੀ ਰਿਆਸਤ ਵਿਚ ਗੁਰੂ ਜੀ ਸਨ ਤੇ ਜਿਸ ਉਤੇ ਔਰੰਗਜ਼ੇਬ ਬੜਾ ਖ਼ੁਸ਼ ਸੀ, ਗੁਰੂ ਸਾਹਿਬ ਨਾਲ ਖ਼ਾਸ ਪ੍ਰੇਮ ਰਖਦਾ ਸੀ। ਔਰੰਗਜ਼ੇਬ ਨੇ ਦਰਬਾਰ ਵਿਚ ਨਾਨਕ ਪ੍ਰਸਤਾਂ ਦੇ ਧਰਮ ਬਾਰੇ ਕੁਝ ਜਾਨਣ ਦੀ ਇੱਛਿਆ ਪਰਗਟ ਕੀਤੀ। ਉਸ ਨੇ ਗੁਰੂ ਹਰਿਰਾਇ ਨੂੰ ਦਿੱਲੀ ਦਰਬਾਰ ਵਿਚ ਹਾਜ਼ਰ ਹੋਣ ਲਈ ਫ਼ਰਮਾਨ ਭੇਜਿਆ। ਗੁਰੂ ਹਰਿਰਾਏ ਨੇ ਰਾਮਰਾਇ ਨੂੰ ਜੋ ਕੇਵਲ ੧੪ ਸਾਲ ਦਾ ਸੀ, ਆਪਣੇ ਵਲੋਂ ਔਰੰਗਜ਼ੇਬ ਦੇ ਦਰਬਾਰ ਭੇਜਿਆ: ਇਕ ਦਸਤਖ਼ਤੀ ਬੀੜ ਨਾਲ ਦਿੱਤੀ ਜੋ ਅੱਜ ਤਕ ਰਾਮਰਾਇ ਦੇ ਡੇਹਰੇ ਪਈ ਹੈ। ਰਾਮਰਾਇ ਨੂੰ ਹੁਕਮ ਕੀਤਾ ਕਿ ਗੁਰਮਤ ਦੇ ਕਿਸੇ ਅਸੂਲ ਦੀ ਉਲੰਘਣਾ ਨਹੀਂ ਕਰਨੀ, ਬਾਦਸ਼ਾਹ ਤੋਂ ਕਾਂਪ ਨਹੀਂ ਖਾਣੀ ਅਤੇ ਸਚਾਈ ਪ੍ਰਗਟ ਕਰਨੋਂ ਡਰਨਾ ਨਹੀਂ। ਗੁਰੂ ਸਾਹਿਬ ਨੇ ਫਰਮਾਇਆ:

ਸੁਨੋ ਪੁਤ੍ਰ ਮੈਂ ਬਚਨ ਜੋ ਕਹੋਂ
ਤੁਮਰੇ ਸੰਗ ਸਦਾ ਮੈਂ ਰਹੋਂ।
ਦਿਲੀ ਪਤ ਸੋ ਜਾਇ ਤੁਮ ਮਿਲੋ।
ਕੁਛ ਸੰਕ ਭੇ ਨਹੀਂ ਮਨ ਮੋ ਗਿਲੋ।
ਤੁਮਰਾ ਬਚਨ ਸੁਫਲ ਸਭ ਹੋਇ।
ਤੁਮ ਸਮਾਨ ਬਲੀ ਨਹੀ ਕੋਇ।
ਜੋ ਪੂਛੋ ਸੋ ਸਤ ਕਹ ਦੀਜੈ।
ਕਛੁ ਕਰਾਮਾਤ ਪ੍ਰਗਟ ਨਹੀ ਕੀਜੈ।

ਮਹਿਮਾ ਪ੍ਰਕਾਸ਼, ੬੦੪

ਰਾਮਰਾਇ ਜਦ ਔਰੰਗਜ਼ੇਬ ਦੇ ਦਰਬਾਰ ਪਹੁੰਚਾ ਤਾਂ ਉਸ ਨੇ ਕਈ ਸਿੱਧੀਆਂ ਪ੍ਰਗਟਾਈਆਂ, ਕਰਾਮਾਤਾਂ ਦਿਖਾਈਆਂ। ਔਰੰਗਜ਼ੇਬ ਰਾਮਰਾਇ ਦੇ ਗਿਆਨ ਤੋਂ ਉਸ ਦੀ ਸੂਝ ਸਮਝ ਤੋਂ ਬੜਾ ਪ੍ਰਭਾਵਿਤ ਹੋਇਆ। ਜੋ ਕਰਾਮਾਤ ਦਿਖਾਵੇ ਉਸੇ ਨੂੰ ਔਰੰਗਜ਼ੇਬ ਸਚਾ ਫ਼ਕੀਰ ਤੇ ਕਰਨੀ ਵਾਲਾ ਦਰਵੇਸ਼ ਮੰਨਦਾ ਸੀ। ਰਾਮਰਾਇ ਦੀਆਂ ਕਰਾਮਾਤਾਂ ਨੇ ਬਾਦਸ਼ਾਹ ਦੇ ਮਨ ਵਿਚ ਗੁਰੂ ਘਰ ਲਈ ਵੀ ਕਾਫ਼ੀ ਸਤਿਕਾਰ ਪੈਦਾ ਕੀਤਾ। ਦਿੱਲੀਓਂ ਜਦ ਔਰੰਗਜ਼ੇਬ ਆਗਰੇ ਗਿਆ, ਉਹ ਰਾਮਰਾਇ ਨੂੰ ਨਾਲ ਹੀ ਲੈ ਗਿਆ। ਆਗਰੇ ਕਿਸੇ ਨੇ ਔਰੰਗਜ਼ੇਬ ਦੇ ਕੰਨਾਂ ਵਿਚ ਇਹ ਗੱਲ ਆਖੀ ਕਿ ਸਿੱਖਾਂ ਦੇ ਗ੍ਰੰਥ ਸਾਹਿਬ ਵਿਚ ਇਹ ਤੁਕ ਹੈ ਜਿਸ ਵਿਚ ਮੁਸਲਮਾਨਾਂ ਦਾ ਅਪਮਾਨ ਕੀਤਾ ਹੋਇਆ ਹੈ :

"ਮਿੱਟੀ ਮੁਸਲਮਾਨ ਕੀ ਪੇੜੇ ਭਈ ਘੁਮਿਆਰ।"

ਰਾਮਰਾਇ ਕਾਂਪ ਖਾ ਗਿਆ। ਉਸ ਦੇ ਮਨ ਵਿਚ ਆਈ ਕਿ ਜੇ ਮੈਂ ਸੱਚ ਕਹਿ ਦਿਤਾ ਬਾਦਸ਼ਾਹ ਦੇ ਮਨ ਵਿਚ ਜੋ ਉਸ ਲਈ ਸ਼ਰਧਾ ਹੈ ਸਭ ਖ਼ਤਮ ਹੋ ਜਾਂਦੀ ਹੈ। ਉਸ ਨੇ ਫ਼ੌਰਨ ਆਖਿਆ ਕਿ ਇਹ ਤੁਕ ਇਉਂ ਹੈ :

"ਮਿੱਟੀ ਬੇਈਮਾਨ ਕੀ ਪੇੜੇ ਭਈ ਘੁਮਿਆਰ।"

ਗੁਰੂ ਸਾਹਿਬ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਨੇ ਸਖ਼ਤ ਨਰਾਜ਼ਗੀ ਪ੍ਰਗਟ ਕੀਤੀ। ਉਸ ਦੇ ਮਨ ਵਿਚ ਸੀ ਕਿ ਜਦ ਉਹ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਮੁਆਫ਼ੀ ਮੰਗੇਗਾ ਉਹ ਮੁਆਫ਼ ਕਰ ਦੇਣਗੇ। ਮਹਿਮਾ ਪ੍ਰਕਾਸ਼ ਰਾਮਰਾਇ ਦਾ ਨਾਮ "ਕਰਤਾ ਪੁਰਖ" ਲਿਖਦਾ ਹੈ। ਉਸ ਦੇ ਕਥਨ ਅਨੁਸਾਰ ਗੁਰੂ ਸਾਹਿਬ ਨੇ ਪਹਿਲਾਂ ਹੀ ਇਹੀਓ ਨਾਮ ਰਖਿਆ ਸੀ, ਪਿਛੋਂ ਰਾਮਰਾਇ (ਜਾਂ ਰਾਮ ਰਾਜ) ਪ੍ਰਸਿਧ ਹੋਇਆ। ਉਹ ਲਿਖਦਾ ਹੈ :

ਸ੍ਰੀ ਕਰਤਾ ਪੁਰਖ ਨਿਕਟ ਜਬ ਆਏ।
ਕੀਰਤਪੁਰ ਦੁਆਦਸ ਕੋਸ ਰਹਾਏ।
ਤਬ ਲਿਖ ਅਰਦਾਸ ਬੇਨਤੀ ਕੀਆ।
ਜੋ ਆਗਿਆ ਭਈ ਸੋਈ ਬਿਧ ਥੀਆ।
ਤਬ ਸਤਿਗੁਰੂ ਜੀ ਆਖ ਪਠਾਈ।
ਤੁਮ ਸਿਧ ਪਗਟ ਕਰ ਕਿਉਂ ਦਿਖਲਾਈ
ਅਰ ਬਾਨੀ ਬਚਨ ਵਾਕ ਕਿਉਂ ਫੇਰਾ।
ਹਮਰੀ ਰਹਿਣੀ ਜੁਗਤ ਨ ਹੇਰਾ।
ਅਰੁ ਜੋ ਕਰਾਮਾਤ ਪ੍ਰਗਟਾਈ।
ਮਾਟੀ ਤੁਰਕ ਜਲਤੀ ਨ ਦਿਖਾਈ।

**ਬਾਕੀ ਸਫਾ ਨੰ 33 'ਤੇ**

# ਹੜ੍ਹ, ਕੁਦਰਤ ਅਤੇ ਮਨੁੱਖ

**ਬਲਦੇਵ ਸਿੰਘ, ਦਰਸ਼ਨ ਸਿੰਘ ਭੁੱਲਰ**

ਪੰਜਾਬ ਦਾ ਨਾਮ ਪਾਣੀਆਂ ਤੋਂ ਹੀ ਪਿਆ ਹੈ, ਪਰ ਕਈ ਸਾਲਾਂ ਤੋਂ ਪਾਣੀ ਹੀ ਪੰਜਾਬ ਨੂੰ ਬਰਬਾਦ ਕਰ ਰਿਹਾ ਹੈ। ਬਰਬਾਦੀ ਦਾ ਸ਼ਿਕਾਰ ਸਭ ਤੋਂ ਵੱਧ ਪੇਂਡੂ ਤਬਕਾ ਖਾਸ ਕਰ ਕੇ ਕਿਸਾਨ ਹੋ ਰਿਹਾ ਹੈ। ਉਂਝ, ਹੜ੍ਹਾਂ ਲਈ ਕੁਦਰਤ ਨਾਲੋਂ ਮਨੁੱਖਾਂ ਦਾ ਅਵੇਸਲਾਪਣ, ਲਾਲਚ ਅਤੇ ਗ਼ੈਰ-ਮਨੁੱਖੀ ਖਹਿਬਾਜ਼ੀ ਕਿਤੇ ਵੱਧ ਜ਼ਿੰਮੇਵਾਰ ਹੈ।

ਪੰਜਾਬ 'ਚ ਇਸ ਵਕਤ ਤਿੰਨ ਦਰਿਆਵਾਂ ਉੱਪਰ ਡੈਮ ਹਨ। ਡੈਮਾਂ ਦਾ ਮੁੱਖ ਮਕਸਦ ਪਾਣੀ ਨੂੰ ਕੁੰਡ (Reservior) 'ਚ ਜਮ੍ਹਾ ਕਰ ਕੇ ਕਾਬੂ ਕਰਨਾ ਹੁੰਦਾ ਹੈ ਤਾਂ ਕਿ ਘਰਾਂ ਤੇ ਉਦਯੋਗਾਂ ਲਈ ਪਾਣੀ ਦੀ ਸਪਲਾਈ, ਖੇਤੀਬਾੜੀ ਲਈ ਸਿੰਜਾਈ, ਹੜ ਕੰਟਰੋਲ ਅਤੇ ਪਣ-ਬਿਜਲੀ ਉਤਪਾਦਨ ਸਮੇਤ ਕਈ ਉਦੇਸ਼ਾਂ ਦੀ ਪੂਰਤੀ ਕੀਤੀ ਜਾ ਸਕੇ। ਡੈਮ ਯਕੀਨੀ ਬਣਾਉਂਦੇ ਹਨ ਕਿ ਪਾਣੀ ਜਦੋਂ ਅਤੇ ਜਿੱਥੇ ਲੋੜ ਹੋਵੇ, ਉਪਲੱਬਧ ਹੋਵੇ।

ਕੀ ਇਹ ਡੈਮ ਆਪਣੇ ਉਦੇਸ਼, ਖਾਸ ਕਰ ਕੇ ਹੜ੍ਹ ਰੋਕਣ ਦੀ ਪੂਰਤੀ ਕਰ ਰਹੇ ਹਨ? ਸਰਕਾਰਾਂ ਅਤੇ ਮਾਹਿਰ ਭਾਵੇਂ ਕਹਿ ਰਹੇ ਹਨ ਕਿ ਪੰਜਾਬ ਦੇ ਦਰਿਆਵਾਂ ਵਿੱਚ ਪਿਛਲੇ ਸਮਿਆਂ ਦੇ ਮੁਕਾਬਲੇ ਪਾਣੀ ਘਟ ਰਿਹਾ ਹੈ ਪਰ ਇਸ ਦੇ ਬਾਵਜੂਦ 2019, 2023 ਅਤੇ ਹੁਣ 2025 ਵਿੱਚ ਡੈਮਾਂ ਵਿੱਚੋਂ ਵਾਧੂ ਪਾਣੀ ਛੱਡਣ ਕਰ ਕੇ ਹੀ ਪੰਜਾਬ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ। ਇਹ ਅਚਾਨਕ ਨਹੀਂ ਹੋ ਰਿਹਾ, ਕਿਉਂਕਿ ਆਧੁਨਿਕ ਵਿਗਿਆਨ ਮੌਸਮ ਬਾਰੇ ਠੀਕ-ਠੀਕ ਜਾਣਕਾਰੀ ਦੇਣ ਦੇ ਸਮਰੱਥ ਹੈ। ਇਸ ਵਾਰ ਮੌਸਮ ਵਿਭਾਗ ਨੇ 15 ਅਪਰੈਲ ਨੂੰ ਹੀ ਖ਼ਬਰਦਾਰ ਕਰ ਦਿੱਤਾ ਸੀ ਕਿ ਮੀਂਹ ਆਮ ਨਾਲੋਂ 105% ਵੱਧ ਪੈਣਗੇ।

ਜੇ ਡੈਮ ਮੌਸਮ ਦੀ ਭਵਿੱਖਬਾਣੀ ਧਿਆਨ ਵਿੱਚ ਰੱਖ ਕੇ ਖਾਲੀ ਕਰਵਾ ਲਏ ਜਾਣ ਤਾਂ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ। ਸਮੇਂ ਸਿਰ ਡੈਮ ਖਾਲੀ ਕਰਨ ਨਾਲ ਮੀਂਹ ਵੇਲੇ ਵੀ ਕੈਚਮੈਂਟ ਏਰੀਏ ਤੋਂ ਆ ਰਹੇ ਪਾਣੀ ਨੂੰ ਪੂਰਾ ਛੱਡਣ ਦੀ ਬਜਾਏ ਨਿਯਮਤ (Regulate) ਕੀਤਾ ਜਾ ਸਕਦਾ ਹੈ। ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਵਿੱਚ ਕੁੱਲ 9621 ਮਿਲੀਅਨ ਕਿਊਬਕ ਮੀਟਰ (7.8 ਮਿਲੀਅਨ ਏਕੜ ਫੁੱਟ) ਪਾਣੀ ਜਮ੍ਹਾ ਕੀਤਾ ਜਾ ਸਕਦਾ ਹੈ। ਇਸ ਦੀ ਸਮਰੱਥਾ (Live Storage Capaicty) 7191 ਮਿਲੀਅਨ ਕਿਊਬਕ ਮੀਟਰ (5.83 ਮਿਲੀਅਨ ਏਕੜ ਫੁੱਟ) ਹੈ। ਡੈਮ ਨੂੰ ਵੱਧ ਤੋਂ ਵੱਧ 1680 ਫੁੱਟ ਤੱਕ ਭਰਿਆ ਜਾ 1462 ਫੁੱਟ (Minimum Drawdown Level-MDDL) ਤੱਕ ਖਾਲੀ ਕੀਤਾ ਜਾ ਸਕਦਾ ਹੈ। ਇਹ ਡੈਮ ਤਕਰੀਬਨ 6 ਮਿਲੀਅਨ ਏਕੜ ਫੁੱਟ ਪਾਣੀ ਰੱਖਣ ਦੀ ਸਮਰੱਥਾ ਰੱਖਦਾ ਹੈ। ਡੈਮ ਨੂੰ ਮੌਨਸੂਨ ਦੌਰਾਨ ਸਤੰਬਰ ਤੱਕ ਭਰਿਆ ਜਾਂਦਾ ਹੈ ਅਤੇ ਅਕਤੂਬਰ ਤੋਂ ਲੋੜ ਮੁਤਾਬਿਕ ਤੇ ਸੰਭਾਵੀ ਪਾਣੀ ਦੀ ਆਮਦ ਦੇ ਮੱਦੇਨਜ਼ਰ ਖਾਲੀ ਕੀਤਾ ਜਾਣਾ ਚਾਹੀਦਾ ਹੈ। ਕੀ ਡੈਮ ਅਪ੍ਰੇਸ਼ਨ ਵਿਧੀ ਸੁਚਾਰੂ ਢੰਗ ਨਾਲ ਅਪਣਾਈ ਜਾ ਰਹੀ ਹੈ? ਡੈਮ ਖਾਲੀ ਹੋਣ ਦਾ ਸਬੰਧ ਪਾਣੀ ਦੀ ਵਰਤੋਂ ਨਾਲ ਜੁੜਿਆ ਹੈ। ਡੈਮਾਂ ਦਾ ਪਾਣੀ ਮੁੱਖ ਤੌਰ 'ਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਨੂੰ ਮਿਥੇ ਅਨੁਪਾਤ ਅਨੁਸਾਰ ਦਿੱਤਾ ਜਾਂਦਾ ਹੈ। ਹਰਿਆਣਾ ਤੇ ਰਾਜਸਥਾਨ ਆਪਣੇ ਹਿੱਸੇ ਦਾ ਪਾਣੀ ਵਰਤ ਕੇ ਵਾਧੂ ਮੰਗਦੇ ਹਨ, ਪਰ ਪੰਜਾਬ ਆਪਣੇ ਹਿੱਸੇ ਦਾ ਪੂਰਾ ਪਾਣੀ ਨਹੀਂ ਵਰਤ ਰਿਹਾ।

**ਪੀਣ ਅਤੇ ਘਰੇਲੂ ਵਰਤੋਂ ਲਈ:** ਕੀ ਪੰਜਾਬ ਸਰਕਾਰ ਪੀਣ ਅਤੇ ਘਰੇਲੂ ਵਰਤੋਂ ਲਈ ਨਹਿਰੀ ਪਾਣੀ ਹਰ ਘਰ ਤੱਕ ਪਹੁੰਚਦਾ ਕਰ ਸਕੀ ਹੈ? 2023 ਤੱਕ 919 ਸਕੀਮਾਂ ਰਾਹੀਂ ਸਿਰਫ਼ 1852 ਬਸਤੀਆਂ (Haibtants) ਨੂੰ ਹੀ ਨਹਿਰੀ ਪਾਣੀ ਮਿਲ ਰਿਹਾ ਹੈ; ਬਾਕੀ 12880 ਬਸਤੀਆਂ ਨੂੰ ਤਕਰੀਬਨ 8628 ਟਿਊਬਵੈੱਲਾਂ ਤੇ ਨਲਕਿਆਂ ਦਾ ਪਾਣੀ ਹੀ ਮਿਲ ਰਿਹਾ ਹੈ। ਪੰਜਾਬ ਨੂੰ ਘਰੇਲੂ ਵਰਤੋਂ ਲਈ 1.78 ਮਿਲੀਅਨ ਏਕੜ ਫੁੱਟ ਪਾਣੀ ਸਾਲਾਨਾ ਚਾਹੀਦਾ ਹੈ। ਆਜ਼ਾਦੀ ਦੇ 78 ਸਾਲ ਬੀਤ ਜਾਣ 'ਤੇ ਵੀ ਦਰਿਆਵਾਂ ਦੀ ਧਰਤੀ ਦੇ ਬਾਸ਼ਿੰਦਿਆਂ ਨੂੰ ਪੀਣ ਲਈ ਸਾਫ਼ ਅਤੇ ਸਿਹਤਮੰਦ ਪਾਣੀ ਨਹੀਂ ਮਿਲ ਰਿਹਾ।

**ਖੇਤੀ ਲਈ:** ਵੱਖ-ਵੱਖ ਰਿਪੋਰਟਾਂ ਵਿੱਚ ਪੰਜਾਬ ਦੀ ਪਾਣੀ ਦੀ ਸਾਲਾਨਾ ਲੋੜ ਭਾਵੇਂ ਵੱਖ-ਵੱਖ ਹੈ ਪਰ ਪੰਜਾਬ ਸਰਕਾਰ ਦੇ 2023 ਵਾਲੇ ਖੇਤੀ ਨੀਤੀ ਖਰੜੇ ਮੁਤਾਬਿਕ, ਪੰਜਾਬ ਨੂੰ ਸਾਲਾਨਾ 57.73 ਮਿਲੀਅਨ ਏਕੜ ਫੁੱਟ ਪਾਣੀ ਦੀ ਜ਼ਰੂਰਤ ਹੈ। ਇਸ ਦੀ ਪੂਰਤੀ ਲਈ ਤਕਰੀਬਨ ਭਾਖੜਾ ਡੈਮ ਦੀ ਸਮਰੱਥਾ ਦੇ ਬਰਾਬਰ ਦੇ 8 ਡੈਮ ਚਾਹੀਦੇ ਹਨ। ਕੀ

ਪੰਜਾਬ ਸਿੰਜਾਈ ਲਈ ਨਹਿਰੀ ਪਾਣੀ ਦੀ ਪੂਰੀ ਵਰਤੋਂ ਕਰ ਰਿਹਾ ਹੈ? ਨਹਿਰੀ ਪਾਣੀ ਪ੍ਰਤੀ ਜਿੰਨੀ ਬੇਰੁਖ਼ੀ ਪੰਜਾਬ ਦੇ ਲੋਕਾਂ, ਖਾਸ ਕਰ ਕੇ ਕਿਸਾਨ ਨੇ ਅਪਣਾਈ ਹੈ, ਓਨੀ ਸ਼ਾਇਦ ਹੀ ਕਿਤੇ ਕਿਸੇ ਨੇ ਅਪਣਾਈ ਹੋਵੇ। ਪੰਜਾਬ ਵਿੱਚ ਤਕਰੀਬਨ 15 ਲੱਖ ਬਿਜਲੀ/ਸੂਰਜੀ ਟਿਊਬਵੈੱਲ ਹਨ। ਕਿਸਾਨਾਂ ਨੇ ਰਾਤ ਵੇਲੇ ਤਾਂ ਨਹਿਰੀ ਪਾਣੀ ਦੀ ਵਾਰੀ ਲਾਉਣੀ ਛੱਡ ਹੀ ਦਿੱਤੀ ਹੈ। ਨਹਿਰੀ ਪਾਣੀ ਤੋਂ ਸਿਰਫ਼ ਤਕਰੀਬਨ 24% ਸਿੰਜਾਈ ਹੀ ਕੀਤੀ ਜਾਂਦੀ ਹੈ; ਬਾਕੀ 76% ਸਿੰਜਾਈ ਬਿਜਲੀ/ਸੂਰਜੀ ਟਿਊਬਵੈੱਲਾਂ ਰਾਹੀਂ ਹੁੰਦੀ ਹੈ।

ਇੱਕ ਤਾਂ ਪੰਜਾਬ ਦਾ ਫ਼ਸਲੀ ਚੱਕਰ ਹੀ ਐਸਾ ਹੈ ਕਿ ਜਦੋਂ ਡੈਮ ਖਾਲੀ ਕਰਨ ਦਾ ਸਮਾਂ ਹੁੰਦਾ ਹੈ, ਮੁੱਖ ਫਸਲ ਕਣਕ ਹੁੰਦੀ ਹੈ ਜਿਸ ਨੂੰ ਪਾਣੀ ਦੀ ਬਹੁਤ ਘੱਟ ਲੋੜ ਹੁੰਦੀ ਹੈ; ਦੂਜਾ, ਰਾਤ ਵੇਲੇ ਪਾਣੀ ਲਾਉਣਾ ਕਿਸਾਨ ਪਸੰਦ ਨਹੀਂ ਕਰਦੇ ਤੇ ਕਣਕ ਦੀ ਬਹੁਤੀ ਸਿੰਜਾਈ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ; ਤੀਜਾ, ਮੋਘਿਆਂ ਦਾ ਆਕਾਰ ਇੰਨਾ ਛੋਟਾ ਹੈ ਕਿ ਪ੍ਰਤੀ ਏਕੜ ਜਿੰਨਾ ਸਮਾਂ ਪਾਣੀ ਦਿੱਤਾ ਜਾਂਦਾ ਹੈ, ਉਸ ਸਮੇਂ ਵਿੱਚ ਪੂਰਾ ਏਕੜ ਸਿੰਜਿਆ ਨਹੀਂ ਜਾ ਸਕਦਾ; ਚੌਥਾ, ਪੰਜਾਬ ਦੇ ਹਰ ਖੇਤ ਨੂੰ ਨਹਿਰੀ ਪਾਣੀ ਉਪਲੱਬਧ ਨਹੀਂ ਹੋ ਸਕਿਆ, ਕਿਉਂਕਿ ਇੱਕ ਤਾਂ ਲੋੜ ਮੁਤਾਬਿਕ ਬਨਿਆਦੀ ਢਾਂਚਾ ਪਹਿਲਾਂ ਉਸਾਰਿਆ ਹੀ ਨਹੀਂ ਗਿਆ, ਰਹਿੰਦੀ ਕਸਰ ਲੋਕਾਂ ਨੇ ਨਹਿਰੀ ਖਾਲ ਵਾਹ ਕੇ ਪੂਰੀ ਕਰ ਦਿੱਤੀ।

**ਮੌਨਸੂਨ ਤੋਂ ਪਹਿਲਾਂ ਡੈਮਾਂ 'ਚ ਪਾਣੀ ਘਟਾਉਣਾ ਜਾਂ ਖਾਲੀ ਕਰਨਾ:** ਪਣ-ਬਿਜਲੀ ਟ੍ਰਬਾਈਨਾਂ ਰਾਹੀਂ ਪਾਣੀ ਵਰਤ ਕੇ ਡੈਮ ਨੂੰ ਡਰਾਅ-ਡਾਊਨ ਲੈਵਲ (ਘੱਟੋ-ਘੱਟ) ਤੱਕ ਖਾਲੀ ਕੀਤਾ ਜਾ ਸਕਦਾ ਹੈ। ਜਦੋਂ ਰਾਜਾਂ ਨੂੰ ਪਾਣੀ ਦੀ ਜ਼ਰੂਰਤ ਨਾ ਹੋਵੇ ਤਾਂ ਪਣ-ਬਿਜਲੀ ਬਣਾਉਣ 'ਤੇ ਪਾਣੀ ਪਾਕਿਸਤਾਨ ਵੱਲ ਵਹੇਗਾ ਪਰ ਕੇਂਦਰ ਦੀ ਸਖ਼ਤ ਹਦਾਇਤ ਹੈ ਕਿ ਪਾਕਿਸਤਾਨ ਨੂੰ ਪਾਣੀ ਨਹੀਂ ਛੱਡਣਾ ਜਿਸ ਦੀ ਪਾਲਣਾ ਪੰਜਾਬ ਸਰਕਾਰ ਮੁਸਤੈਦੀ ਨਾਲ ਕਰਦੀ ਹੈ। ਭਾਖੜਾ ਡੈਮ ਨੂੰ 1462 ਫੁੱਟ ਤੱਕ ਖਾਲੀ ਕੀਤਾ। ਜਾ ਸਕਦਾ ਹੈ ਪਰ 1980 ਤੋਂ 2025 ਤੱਕ 45 ਸਾਲਾਂ ਦੌਰਾਨ ਇਸ ਦਾ ਲੈਵਲ 1522 ਫੁੱਟ ਤੋਂ ਹੇਠਾਂ ਨਹੀਂ ਲਿਆਂਦਾ ਗਿਆ। ਹੜ੍ਹਾਂ ਵਾਲੇ ਸਾਲਾਂ 2019, 2023 ਤੇ 2025 ਦੌਰਾਨ ਮੌਨਸੂਨ ਸ਼ੁਰੂ ਹੋਣ ਵੇਲੇ ਭਾਖੜਾ ਡੈਮ ਦਾ ਲੈਵਲ 30 ਜੂਨ ਨੂੰ ਕ੍ਰਮਵਾਰ 1605, 1595 ਅਤੇ 1575 ਫੁੱਟ ਸੀ। ਬਾਕੀ ਦੋ ਡੈਮ ਖਾਲੀ ਕਰਨ ਦਾ ਰੁਝਾਨ ਵੀ ਇਸੇ ਤਰ੍ਹਾਂ ਦਾ ਹੈ। ਇਹ ਡੈਮ ਮਾਹਿਰਾਂ ਦੇ ਵਿਚਾਰਨ ਵਾਲੀ ਗੱਲ ਹੈ ਕਿ ਡੈਮ ਖਾਲੀ ਨਾ ਕਰਨ ਕਰ ਕੇ ਅਤੇ ਲੰਮੇ ਅਰਸੇ ਤੱਕ ਲਗਾਤਾਰ ਭਰੇ ਰਹਿਣ ਕਰ ਕੇ ਇਸ ਦੀ ਢਾਂਚਾਗਤ ਸੁਰੱਖਿਆ ਨਾਲ ਖਿਲਵਾੜ ਤਾਂ ਨਹੀਂ ਕੀਤਾ ਜਾ ਰਿਹਾ?

**ਡੈਮਾਂ ਦਾ ਲੈਵਲ ਵੱਧ ਰੱਖਣਾ:** ਅੰਕੜੇ ਦੱਸਦੇ ਹਨ ਕਿ ਹੜ੍ਹਾਂ ਵਾਲੇ ਸਾਲਾਂ 2019, 2023 ਤੇ 2025 ਦੌਰਾਨ ਮੌਨਸੂਨ ਸ਼ੁਰੂ ਹੋਣ ਵੇਲੇ ਭਾਖੜਾ ਡੈਮ ਦਾ ਲੈਵਲ ਘੱਟੋ-ਘੱਟ ਲੈਵਲ ਤੋਂ ਤਕਰੀਬਨ 113 ਤੋਂ 143 ਫੁੱਟ, ਪੌਂਗ ਡੈਮ ਦਾ ਲੈਵਲ 46 ਤੋਂ 77 ਫੁੱਟ ਅਤੇ ਰਣਜੀਤ ਸਾਗਰ ਡੈਮ ਦਾ ਲੈਵਲ 59 ਫੁੱਟ ਤੱਕ ਵੱਧ ਸੀ। ਜੇ ਡੈਮ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਹੋਰ ਖਾਲੀ ਕੀਤੇ ਹੁੰਦੇ, ਖਾਸ ਕਰ ਕੇ 2025 ਦੌਰਾਨ (ਜਦੋਂ ਭਵਿੱਖਬਾਣੀ ਭਾਰੀ ਮੀਂਹ ਦੀ ਸੀ), ਤਾਂ ਹੜ੍ਹਾਂ ਦਾ ਖ਼ਤਰਾ ਟਾਲਿਆ ਜਾ ਸਕਦਾ ਸੀ।

**ਫਲੱਡਗੇਟ ਖੋਲ੍ਹਣੇ:** ਜੇ ਡੈਮਾਂ ਦੇ ਫਲੱਡਗੇਟ ਖੋਲ੍ਹਣ ਦੇ ਸਮੇਂ ਅਤੇ ਲੈਵਲ ਦੇ ਅੰਕੜੇ ਦੇਖੀਏ ਤਾਂ ਲੈਵਲ ਖ਼ਤਰੇ ਦੇ ਨਿਸ਼ਾਨ ਵੱਲ ਤੇਜ਼ੀ ਨਾਲ ਵਧਣ ਦੇ ਬਾਵਜੂਦ ਫਲੱਡਗੇਟ ਦੇਰੀ ਨਾਲ ਖੋਲ੍ਹੇ ਜਾਂਦੇ ਹਨ। 2019, 2023 ਅਤੇ 2025 ਦੌਰਾਨ ਭਾਖੜਾ ਡੈਮ ਦਾ ਲੈਵਲ ਫਲੱਡਗੇਟ ਖੋਲ੍ਹਣ ਤੋਂ ਪਹਿਲਾਂ ਵੱਧ ਤੋਂ ਵੱਧ ਲੈਵਲ ਤੋਂ ਕ੍ਰਮਵਾਰ ਸਿਰਫ 6, 7 ਅਤੇ 14 ਫੁੱਟ ਘੱਟ ਸੀ। ਇਸੇ ਤਰ੍ਹਾਂ ਪੌਂਗ ਡੈਮ ਦਾ ਲੈਵਲ ਕ੍ਰਮਵਾਰ 2, 18 ਅਤੇ 15 ਫੁੱਟ ਘੱਟ ਸੀ। 2025 ਦੌਰਾਨ ਰਣਜੀਤ ਸਾਗਰ ਡੈਮ ਦਾ ਲੈਵਲ ਸਿਰਫ਼ 2 ਫੁੱਟ ਹੀ ਘੱਟ ਸੀ। ਫਲੱਡਗੇਟ ਦੇਰੀ ਨਾਲ ਖੋਲ੍ਹਣ ਕਰ ਕੇ ਡੈਮਾਂ ਦੇ ਕੈਚਮੈਂਟ ਖੇਤਰ ਵਿੱਚ ਆ ਰਿਹਾ ਪਾਣੀ ਇੱਕਦਮ ਸਿੱਧਾ ਹੀ ਚਲਾ ਜਾਂਦਾ ਹੈ ਜੋ ਦਰਿਆਵਾਂ ਦੇ ਬੰਨ੍ਹ, ਖਾਸ ਕਰ ਕੇ ਧੁੱਸੀ ਬੰਨ੍ਹ ਟੁੱਟਣ ਦਾ ਕਾਰਨ ਬਣਦਾ ਹੈ।

**ਕੀਮਤੀ ਪਾਣੀ ਤੇ ਬਿਜਲੀ ਦੀ ਬਰਬਾਦੀ:** ਵਾਰ-ਵਾਰ ਹੜ੍ਹ ਆਉਣ ਨਾਲ ਜਿੱਥੇ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ, ਉੱਥੇ ਬਹੁਤ ਸਾਰਾ ਪਾਣੀ ਜਾਇਆ ਚਲਾ ਜਾਂਦਾ ਹੈ ਜਿਸ ਤੋਂ ਬਿਜਲੀ ਵੀ ਨਹੀਂ ਪੈਦਾ ਕੀਤੀ ਜਾ ਸਕਦੀ, ਕਿਉਂਕਿ ਇਹ ਪਾਣੀ ਟ੍ਰਬਾਈਨਾਂ ਤੋਂ ਬਾਹਰ ਦੀ ਫਲੱਡਗੇਟਾਂ ਰਾਹੀਂ ਕੱਢਿਆ ਜਾਂਦਾ ਹੈ। ਅੰਦਾਜ਼ੇ ਮੁਤਾਬਿਕ, 2023 ਦੌਰਾਨ ਫਲੱਡਗੇਟ ਖੋਲ੍ਹਣ ਕਰ ਕੇ ਪੌਂਗ ਡੈਮ ਤੋਂ 450 ਕਰੋੜ, ਭਾਖੜਾ ਡੈਮ ਤੋਂ 150 ਕਰੋੜ ਅਤੇ ਰਣਜੀਤ ਸਾਗਰ ਡੈਮ ਤੋਂ 50 ਕਰੋੜ ਰੁਪਏ (ਕੁੱਲ 650 ਕਰੋੜ) ਦੀ ਬਿਜਲੀ ਦਾ ਨੁਕਸਾਨ ਹੋਇਆ। 2025 ਦੌਰਾਨ 10 ਸਤੰਬਰ 2025 ਤੱਕ ਪੌਂਗ ਡੈਮ ਤੋਂ 500 ਕਰੋੜ, ਭਾਖੜਾ ਡੈਮ ਤੋਂ 350 ਕਰੋੜ ਅਤੇ ਰਣਜੀਤ ਸਾਗਰ ਡੈਮ ਤੋਂ 300 ਕਰੋੜ ਰੁਪਏ (ਕੁੱਲ 1150 ਕਰੋੜ) ਦੀ ਬਿਜਲੀ ਦਾ ਨੁਕਸਾਨ ਹੋ ਚੁੱਕਾ ਹੈ।

**ਬਾਕੀ ਸਫਾ ਨੰ 28 'ਤੇ**

ਕਹਾਣੀ

# ਲਾਹਣਤ

ਤੇਲੂ ਰਾਮ ਰਾਮ ਕੁਹਾੜਾ
94633-53760



ਚੰਦਰਮਾ ਆਪਣੇ ਸੀ.ਸੀ.ਟੀ.ਵੀ ਕੈਮਰੇ ਖੋਲ੍ਹਕੇ ਧਰਤੀ ਤੇ ਹੋ ਰਹੇ ਵਰਤਾਰਿਆਂ ਨੂੰ ਦੇਖਦਾ ਹੈ। ਇਕ ਕੈਮਰੇ ਵਿੱਚ ਉਹ ਇਕ ਸ਼ਹਿਰ ਨੂੰ ਲੱਗੀ ਅੱਗ ਦੇਖਦਾ ਹੈ। ਅੱਗ ਦਾ ਸ਼ਿਕਾਰ ਹੋਣ ਕਾਰਨ ਸ਼ਹਿਰ ਦੇ ਘਰ ਸੜ ਰਹੇ ਹਨ। ਚੀਖ ਚੰਘਿਆੜਾ ਮੱਚਿਆ ਹੋਇਆ ਹੈ। ਅੱਗ ਦੀਆਂ ਲਪਟਾਂ ਅਸਮਾਨ ਨੂੰ ਛੂਹ ਰਹੀਆਂ ਹਨ। ਗਾੜ੍ਹਾ ਕਾਲਾ ਧੂੰਆਂ ਬੱਦਲਾਂ ਵਾਂਗ ਅਸਮਾਨ ਵੱਲ ਨੂੰ ਜਾ ਰਿਹਾ ਹੈ। ਧੂੰਏ ਕਾਰਨ ਉਸਦੇ ਕੈਮਰੇ ਵੀ ਕੰਮ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ। ਅਸਮਾਨ ਵਿੱਚ ਚਮਕਦੀ ਉਸਦੀ ਹੀ ਚਾਨਣੀ ਨੂੰ ਵੀ ਧੂੰਆਂ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ।

ਫਿਰ ਇਕ ਹੋਰ ਪਾਸੇ ਦੇ ਕੈਮਰੇ ਵਿਚ ਉਹ ਦੇਖਦਾ ਹੈ, ਲੋਕ ਆਪਣੇ, ਆਪਣੇ ਘਰਾਂ ਵਿੱਚੋ ਆਪਣਾ, ਆਪਣਾ ਸਮਾਨ ਕੱਢ-ਕੱਢ ਬਾਹਰ ਸੁੱਟ ਰਹੇ ਹਨ। ਅੱਗ ਨਾਲ ਝੁਲਸੇ ਹੋਏ ਮਨੁੱਖੀ ਸਰੀਰਾਂ ਨੂੰ ਹਸਪਤਾਲਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ। ਉਹਨਾਂ ਦੀਆਂ ਕੁਰਲਾਹਟਾਂ ਦਿਲ ਚੀਰਵੀਆਂ ਹਨ। ਉਹਨਾਂ ਦੇ ਵਾਰਿਸ ਰੋ-ਰੋ ਕੇ ਕਮਲੇ ਹੋਏ ਕੰਧਾਂ ਵਿੱਚ ਟੱਕਰਾਂ ਮਾਰਦੇ ਫਿਰਦੇ ਹਨ ।ਉਹਨਾਂ ਦੇ ਅੱਥਰੂ ਨਹੀਂ ਸੁੱਕ ਰਹੇ।ਉਹਨਾਂ ਦੀਆਂ ਚੀਖਾਂ ਨਹੀਂ ਰੁਕ ਰਹੀਆਂ। ਇਹ ਅੱਗ ਕਿਸੇ ਕੁਦਰਤੀ ਕਰੋਪੀ ਕਾਰਨ ਨਹੀਂ ਲੱਗੀ, ਸਗੋਂ ਕੁਝ ਜਨੂੰਨੀ ਲੋਕਾਂ ਵਲੋਂ ਧਰਮ ਦੇ ਨਾਂ ਤੇ ਸ਼ਹਿਰ ਵਿੱਚ ਦੰਗੇ ਭੜਕਾ ਦਿੱਤੇ ਜਾਂਦੇ ਹਨ। ਇਕ ਦੂਜੇ ਦੇ ਘਰਾਂ ਅਤੇ ਦੁਕਾਨਾਂ ਨੂੰ ਅੱਗ ਲਾ ਦਿੱਤੀ ਜਾਂਦੀ ਹੈ। ਅੱਗ ਬੁਝਾਉਣ ਵਾਲੇ ਇੰਜਨਾਂ ਦੇ ਹੂਟਰ ਵੱਜਣ ਨਾਲ ਸ਼ਹਿਰ ਵਿੱਚ ਦਹਿਸ਼ਤ ਹੋਰ ਵੀ ਵੱਧ ਜਾਂਦੀ ਹੈ।

ਲੋਕ ਇਕ ਦੂਜੇ ਉੱਤੇ ਹਮਲੇ ਕਰ ਰਹੇ ਹਨ ਜਿਵੇਂ ਉਹ ਇੱਕ ਦੂਜੇ ਨੂੰ ਕਤਲ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝ ਰਹੇ ਹੋਣ। ਮਨੁੱਖ ਦੇ ਖੂਨ ਦੀ ਜਿਵੇਂ ਉਨ੍ਹਾਂ ਨੂੰ ਪਿਆਸ ਲੱਗੀ ਹੋਵੇ। ਚੰਦਰਮਾ ਹਜ਼ਾਰਾਂ ਸਾਲ ਪਿਛੇ ਝਾਤੀ ਮਾਰਕੇ ਸੋਚਦਾ ਹੈ "ਐਨੇ ਮਨੁੱਖੀ ਜੀਵ ਤਾਂ ਕਦੇ ਕਿਸੇ ਕੁਦਰਤੀ ਕਰੋਪੀ ਨਾਲ, ਕਿਸੇ ਬੀਮਾਰੀ ਨਾਲ ਵੀ ਨਹੀਂ ਮਰੇ ਹੋਣੇ, ਜਿੰਨੇ ਧਰਮ ਕਾਰਨ ਹੋਏ ਦੰਗਿਆਂ ਵਿੱਚ ਮਰ ਰਹੇ ਹਨ।

ਇਕ ਕੈਮਰੇ ਵਿਚ ਉਸਨੇ ਧਰਤੀ ਦੇ ਇਕ ਹੋਰ ਹਿੱਸੇ ਉਤੇ ਹੋ ਰਹੀ ਜੰਗ ਦਾ ਜਾਇਜਾ ਲਿਆ। ਇਕ ਤਕੜੇ ਮੁਲਕ ਨੇ ਦੂਜੇ ਮਾੜੇ ਮੁਲਕ ਉੱਤੇ ਇਸ ਲਈ ਹਮਲਾ ਕਰਿਆ ਹੋਇਆ ਹੈ ਕਿ ਉਹ ਉਸਦੀ ਧੌਂਸ ਕਿਉਂ ਨਹੀਂ ਮੰਨਦਾ। ਮਾੜਾ ਮੁਲਕ ਇਕ ਹੋਰ ਮੁਲਕ ਨਾਲ ਯਾਰੀ ਗੰਢਕੇ ਜੰਗ ਦਾ ਸਮਾਨ ਖਰੀਦ ਰਿਹਾ ਹੈ। ਇਸੇ ਕਰਕੇ ਘਮਸਾਨ ਦਾ ਯੁੱਧ ਛਿੜਿਆ ਹੋਇਆ ਹੈ। ਛੋਟੇ ਮੁਲਕ ਵਿੱਚ ਭੁੱਖਮਰੀ ਵਰਗੀ ਹਾਲਤ ਪੈਦਾ ਹੋ ਚੁਕੀ ਹੈ। ਪਾਣੀ, ਅੰਨ ਅਤੇ ਦਵਾਈਆਂ ਦਾ ਸੰਕਟ ਬਣਿਆ ਹੋਇਆ ਹੈ। ਲੋਕ ਤੜਫ, ਤੜਫਕੇ ਮਰ ਰਹੇ ਹਨ। ਦੂਜੇ ਵਿਸ਼ਵ ਦੇ ਯੁੱਧ ਦੀਆਂ ਮਾਰਾਂ ਨੂੰ ਉਹ ਮੁਲਕ ਭੁੱਲ ਗਏ ਹਨ। ਉਹ ਤਾਂ ਜਿਵੇਂ ਤੀਜੇ ਵਿਸ਼ਵ ਯੁੱਧ ਲਈ ਤਿਆਰ ਬੈਠੇ ਹਨ।ਵੱਡੇ ਮੁਲਕ ਦੀ ਰਾਜਨੀਤੀ ਤੋਂ ਡਰਦਾ ਵਿਸ਼ਵ ਦਾ ਕੋਈ ਵੀ ਮੁਲਕ ਸਮਝੌਤਾ ਕਰਾਕੇ ਯੁੱਧ ਰੁਕਵਾਉਣ ਦੀ ਹਿੰਮਤ ਨਹੀਂ ਕਰਦਾ। ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ, ਦੀ ਕਹਾਵਤ ਅਨੁਸਾਰ ਸਭ ਆਪਣੀ, ਆਪਣੀ ਖੱਲ ਬਚਾਉਣ ਦੇ ਯਤਨ ਵਿੱਚ ਹਨ।

ਦਿਲ ਹਿਲਾਉਣ ਵਾਲਾ ਦ੍ਰਿਸ਼ ਇੱਕ ਹੋਰ ਕੈਮਰੇ ਵਿੱਚ ਨਜ਼ਰ ਆਉਂਦਾ ਹੈ। ਇੱਕ ਪ੍ਰੀਵਾਰ ਦਾ ਘਰ ਭਾਰੀ ਅਤੇ ਅੰਨ੍ਹੀ ਬੰਬਾਰੀ ਵਿਚ ਤਬਾਹ ਹੋ ਗਿਆ ਹੈ। ਘਰ ਦੇ ਜੀਆਂ ਨੂੰ ਰੈਡ ਕਰਾਸ ਦੀ ਟੀਮ ਵਲੋਂ ਬਾਹਰ ਕੱਢਿਆ ਜਾ ਰਿਹਾ ਹੈ। ਘਰ ਦੇ ਮੁੱਖੀ ਦੀ ਤਾਂ ਲਾਸ਼ ਹੀ ਮਿਲਦੀ ਹੈ। ਉਸਦੇ ਦੋ ਬੱਚੇ ਅਤੇ ਉਸਦੀ ਪਤਨੀ ਨੂੰ ਇਕ ਕੈਂਪ ਵਿੱਚ

ਪਹੁੰਚਾਇਆ ਜਾ ਰਿਹਾ ਹੈ। ਜਿਸ ਕੈਂਪ ਵਿਚ ਉਹਨਾਂ ਨੂੰ ਲਿਜਾਇਆ ਜਾਂਦਾ ਹੈ, ਉਸ ਉਤੇ ਵੀ ਦੁਸ਼ਮਣ ਦੀ ਫੌਜ ਵਲੋਂ ਹਮਲਾ ਕੀਤਾ ਜਾ ਰਿਹਾ ਹੈ। ਕੈਮਰੇ ਵਿੱਚ ਇਕ ਬਹੁਤ ਹੀ ਭਿਆਨਕ ਦ੍ਰਿਸ਼ ਨਜ਼ਰ ਆਉਂਦਾ ਹੈ। ਕੈਂਪ ਉਤੇ ਹੋਏ ਹਵਾਈ ਹਮਲੇ ਵਿੱਚ ਛੋਟੇ, ਛੋਟੇ ਬੱਚਿਆ ਦੀ ਮਾਂ ਮਰ ਜਾਂਦੀ ਹੈ। ਮਾਂ ਦਾ ਦੁੱਧ ਚੁੰਘਦਾ ਬੱਚਾ ਆਪਣੀ ਮਰੀ ਪਈ ਮਾਂ ਨੂੰ ਢੂੰਡ ਰਿਹਾ ਹੈ। ਦੂਜਾ ਬੱਚਾ ਕੋਲ ਬੈਠਾ ਰੋ ਰਿਹਾ ਹੈ। ਉਹਨਾਂ ਨੂੰ ਉਥੇ ਸਾਂਭਣ ਵਾਲਾ ਕੋਈ ਨਹੀਂ। "ਕੀ ਜੰਗਬਾਜ਼ਾਂ ਦਾ ਕੋਈ ਧਰਮ ਨਹੀਂ, ਕੋਈ ਈਮਾਨ ਨਹੀਂ? ਨਹੱਥਿਆਂ ਨੂੰ ਮਾਰਨਾਂ ਕਿਧਰਲੀ ਇਨਸਾਨੀਅਤ ਹੈ" ਚੰਦਰਮਾ ਸੋਚਦਾ ਹੈ "ਵਿਗਿਆਨੀਆਂ ਨੇ ਮਨੁੱਖੀ ਜੀਵਾਂ ਦੇ ਕਲਿਆਣ ਲਈ ਖੋਜਾਂ ਕੀਤੀਆਂ ਹਨ। ਖੋਜਾਂ ਦੀ ਦੁਰਵਰਤੋਂ ਕਰਕੇ ਵਿਗਿਆਨੀਆਂ ਵਲੋਂ ਹੀ ਬਣਾਏ ਹੋਏ, ਟੈਂਕਾਂ, ਡਰੋਨਾਂ, ਮਿਜਾਈਲਾਂ, ਬੰਬਾਂ ਦੀ ਵਰਤੋਂ ਕਰਕੇ ਮਨੁਖੀ ਜੀਵਾਂ ਦਾ ਘਾਣ ਕੀਤਾ ਜਾ ਰਿਹਾ ਹੈ। ਭੱਠ ਪਏ ਸੋਨਾ ਜਿਹੜਾ ਕੰਨਾਂ ਨੂੰ ਖਾਏ। ਅਜਿਹੀਆਂ ਕਾਢਾਂ ਕੱਢਣ ਵਾਲਿਆਂ ਨੂੰ ਲਾਹਣਤ ਹੈ। ਵਰਤਣ ਵਾਲਿਆਂ ਨੂੰ ਉਸਤੋਂ ਵੀ ਵੱਡੀ ਲਾਹਣਤ।"

ਚੰਦਰਮਾ ਇਕ ਹੋਰ ਕੈਮਰਾ ਖੋਲ੍ਹਦਾ ਹੈ ਜਿਸ ਵਿੱਚ ਨਜ਼ਰ ਆ ਰਿਹਾ ਕਿ ਕਈ ਦਰਿਆਵਾਂ ਵਿੱਚ ਨੀਲੇ ਨਿਰਮਲ ਨੀਰ ਦੀ ਥਾਂ ਘਸਮੈਲਾ ਪਾਣੀ ਵੱਗ ਰਿਹਾ ਹੈ। ਉਹ ਪਾਣੀ ਪੀਣ ਯੋਗ ਨਹੀਂ। ਉਹ ਮਨੁੱਖੀ ਜਾਨਾਂ ਦਾ ਖੌਅ ਬਣਿਆ ਹੋਇਆ ਹੈ। ਬੇਇਲਾਜ ਬੀਮਾਰੀਆਂ ਤੋਂ ਪੀੜਤ ਲੋਕ ਨਾ ਮਰਦਿਆਂ ਵਿੱਚ ਹਨ ਅਤੇ ਨਾ ਹੀ ਜਿਉਂਦਿਆਂ ਵਿੱਚ ਹਨ। ਵਿਚਾਰੇ ਬੇਵਸ ਹੋਏ ਦਿਨ ਕੱਟ ਰਹੇ ਹਨ। ਬਹੁਤ ਲੋਕ ਇਲਾਜ ਖੁਣੋਂ ਤੜਫ, ਤੜਫ ਕੇ ਮਰ ਰਹੇ ਹਨ। ਕੁਝ ਸਹਿਕ ਰਹੇ ਹਨ।

ਚੰਦਰਮਾ ਦੇਖਦਾ ਹੈ ਬਹੁਤ ਸਾਰੇ ਅਮਨ ਪਸੰਦ ਲੋਕ ਵੱਖ ਵੱਖ ਥਾਂਵਾਂ ਤੇ ਵਿਸ਼ਵ ਸ਼ਾਂਤੀ ਦੀ ਲਈ ਪ੍ਰਾਰਥਨਾ ਵੀ ਕਰ ਰਹੇ ਹਨ। ਪਰ ਉਹਨਾਂ ਦੀਆਂ ਪ੍ਰਾਰਥਨਾਵਾਂ ਦਾ ਕਿਸੇ ਉਤੇ ਕੋਈ ਅਸਰ ਨਹੀਂ ਹੋ ਰਿਹਾ। ਫਿਰ ਉਸਨੂੰ ਅਜਿਹੀਆਂ ਆਵਾਜ਼ਾਂ ਵੀ ਸੁਣਦੀਆਂ ਹਨ ਜਿਹੜੀਆਂ ਬਰੂਦੀ ਜ਼ਹਿਰਾਂ ਨਾਲੋਂ ਵੀ ਵੱਧ ਜ਼ਹਿਰ ਫੈਲਾ ਰਹੀਆਂ ਹਨ। ਇਕ ਸ਼ਾਨਦਾਰ ਇਮਾਰਤ ਪੂਰੀ ਤਾਂ ਸੁਰੱਖਿਅਤ ਹੈ। ਉਸਦੇ ਅੰਦਰੋਂ ਦੇਸ਼ ਦਾ ਨੇਤਾ ਲੋਕਾਂ ਨੂੰ ਜੋਸ਼ ਵਿੱਚ ਲਿਆਉਣ ਵਾਲੇ ਬਿਆਨ ਦਾਗ ਰਿਹਾ ਹੈ। ਜਿਹਨਾਂ ਨੂੰ ਸੁਣਕੇ ਜੋਸ਼ ਵਿੱਚ ਆਏ ਫੌਜੀ ਜਵਾਨ ਗੋਲ਼ੇ ਮਿਜਾਇਲਾਂ ਅਤੇ ਡਰੋਨ ਦਾਗ ਰਹੇ ਹਨ। ਜਿਹਨਾਂ ਦੇ ਚੱਲਣ ਨਾਲ ਬੇਕਸੂਰ ਭੋਲੇ ਭਾਲੇ ਲੋਕ ਮਾਰੇ ਜਾ ਰਹੇ ਹਨ। ਹਸਪਤਾਲ ਅਤੇ ਸਕੂਲ ਵੀ ਇਹਨਾਂ ਹਮਲਿਆਂ ਦੀ ਮਾਰ ਹੇਠ ਆ ਰਹੇ ਹਨ। ਅੰਨ ਦੇ ਭੰਡਾਰ ਸੜਕੇ ਸੁਆਹ ਹੋ ਰਹੇ ਹਨ। ਹਮਲੇ ਕਾਰਨ ਜਲ ਭੰਡਾਰਾਂ ਦੇ ਟੁੱਟਣ ਨਾਲ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਹੈ।

ਇਕ ਹੋਰ ਕੈਮਰੇ ਵਿੱਚ ਉਸਨੂੰ ਦਰਖਤਾਂ ਤੋਂ ਵਾਂਝੇ ਹੋਏ ਰੋਡੇ, ਭੋਡੇ ਪਰਬਤ ਨਜ਼ਰ ਆ ਰਹੇ ਹਨ। ਗਰਮੀ ਨਾਲ ਤੜਫਦੇ ਲੋਕ ਵਰਖਾ ਨੂੰ ਤਰਸ ਰਹੇ ਹਨ "ਅੱਲ੍ਹਾ ਮੇਘ ਦੇ, ਪਾਣੀ ਦੇ, ਪਾਣੀ ਦੇ, ਵਰਗੀਆਂ ਅਰਜੋਈਆਂ ਕਰ ਰਹੇ ਹਨ। ਇਕ ਆਵਾਜ਼ ਆ ਰਹੀ ਹੈ "ਹੁਣ ਕਿਸੇ ਨੇ ਥੋਡੀ ਕੋਈ ਅਰਜੋਈ ਨਹੀਂ ਸੁਣਨੀ। ਤੁਸੀਂ ਰੁੱਖ ਵੱਢਕੇ ਆਪਣੇ ਪੈਰਾਂ ਉਤੇ ਆਪ ਕੁਹਾੜਾ ਮਾਰਿਆ ਹੈ। ਹੁਣ ਤਰਸਦੇ ਫਿਰੋ ਪਾਣੀ ਨੂੰ ਆਕਸੀਜਨ ਨੂੰ ਆਪਣੀਆਂ ਕੀਤੀਆਂ ਦਾ ਫਲ ਤੁਹਾਨੂੰ ਭੋਗਣਾ ਪੈਣਾ ਹੈ।

ਇਕ ਹੋਰ ਕੈਮਰੇ ਵਿੱਚ ਚੰਦਰਮਾ ਦੇਖਦਾ ਹੈ ਕਿਵੇਂ ਅਣਦੇਖੇ ਵਾਇਰਸ ਤੋਂ ਡਰਦੇ ਲੋਕ ਆਪਣੇ ਹੀ ਘਰਾਂ ਵਿੱਚ ਕੈਦ ਹਨ। ਇਸ ਵਾਇਰਸ ਤੋਂ ਫੈਲੀ ਕਰੋਨਾ ਵਰਗੀ ਭਿਆਨਕ ਬਿਮਾਰੀ ਨਾਲ ਅਣਗਿਣਤ ਲੋਕ ਮਰ ਰਹੇ ਹਨ। ਉਹਨਾਂ ਦੀਆ ਲਾਸ਼ਾਂ ਨੂੰ ਦਫਨਾਉਣ ਵਾਲਾ ਕੋਈ ਨਹੀਂ। ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਹਸਪਤਾਲਾਂ ਵਿੱਚ ਉਹਨਾਂ ਨੂੰ ਕੋਈ ਨਹੀਂ ਸੰਭਾਲ ਰਿਹਾ। ਲਾਸ਼ਾਂ ਨਦੀਆਂ ਵਿੱਚ ਤੈਰ ਰਹੀਆਂ ਹਨ। ਆਕਸੀਜਨ ਦੀ ਕਮੀ ਕਾਰਨ ਰੋਗੀਆਂ ਦੇ ਵਾਰਿਸ ਤਰਾਹ, ਤਰਾਹ ਕਰਦੇ ਫਿਰਦੇ ਹਨ। ਧਰਤ ਲੋਕ ਦੇ ਦ੍ਰਿਸ਼ ਦੇਖਕੇ ਚੰਦਰਮਾ ਤੁਰੰਤ ਆਪਣੇ ਵਟਸਐਪ ਗਰੁੱਪ ਤੇ ਇਕ ਸੁਨੇਹਾ ਲਿਖ ਕੇ ਭੇਜਦਾ ਹੈ।

"ਧਰਤ ਲੋਕ ਦੇ ਵਾਸੀਓ ਮੇਰੇ ਉਤੇ ਆਉਣ ਦੀ ਇੱਛਾ ਛੱਡਕੇ ਆਪਣੀ ਧਰਤੀ ਨੂੰ ਸੰਭਾਲੋ। ਇਥੇ ਆਓਗੇ ਘਰ, ਬਣਾਓਗੇ, ਪਿੰਡ ਵਸਾਓਗੇ, ਸ਼ਹਿਰ ਵਸਾਓਗੇ ਤੇ ਫਿਰ ਮੇਰੇ ਉਤੇ ਗੰਦ ਪਾਓਗੇ। ਗੁੰਡਾ ਗਰਦੀ ਕਰੋਗੇ। ਕਤਲੋਗਾਰਤ ਕਰੋਗੇ। ਮੇਰੇ ਮੱਥੇ ਉਤੇ ਮਜ਼ਲੂਮਾਂ ਦੀ ਰੱਤ ਦਾ ਕਲੰਕ ਲਾਓਗੇ। ਇਥੇ ਆਕੇ ਆਪਣੇ ਕਾਲੇ ਕਾਰਨਾਮਿਆਂ ਦਾ ਹਨ੍ਹੇਰਾ ਫੈਲਾਓਗੇ। ਬਸ ਥੋਡੇ ਨਾਲੋਂ ਦੂਰੀ ਹੀ ਚੰਗੀ। ਐਥੇ ਹੀ ਟਿੱਕੇ ਰਹੋ। ਤੁਹਾਡੀ ਧਰਤੀ ਤੁਹਾਨੂੰ ਮੁਬਾਰਕ। ਟਿਕੇ ਰਹੋ! ਬਾਏ, ਬਾਏ!"

..........................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**11 ਮਈ 1987, ਸੋਮਵਾਰ**
**ਨਵੀਂ ਦਿੱਲੀ**

ਸ. ਵੀਰ ਸਿੰਘ ਸੇਠੀ ਦਾ ਪਿੰਡ ਬੈਂਕਾ ਚੀਮਾ ਜਾਂ ਸ਼ੇਖੂਪੁਰ ਬੇਦਾਦ ਸੀ। ਅਕਾਲੀਆਂ ਦਾ ਪਿੰਡ ਵਿਚ ਜ਼ੋਰ ਸੀ। ਉਹਨਾਂ ਇਕ ਗੁਰਦੁਆਰਾ ਬਣਾਇਆ, ਜਿਸ ਵਿਚ ਸੇਠੀ ਨੇ ਵੀ ਖਾਸਾ ਭਾਗ ਪਾਇਆ। ਸਾਧੂ ਸੁਭਾਵੀ ਤੇ ਭਜਨ ਬੰਦਗੀ ਕਰਨ ਵਾਲਾ ਹੋਣ ਕਰਕੇ ਪਿੰਡ ਦੇ ਲੋਕਾਂ ਨੇ ਗ੍ਰੰਥੀ ਦੀ ਸੇਵਾ ਇਸਦੇ ਜ਼ਿੰਮੇ ਲਾਈ। ਜਦੋਂ ਪਹਿਲੇ ਦਿਨ ਹੀ ਇਸਨੇ ਅਰਦਾਸ ਕੀਤੀ ਤਾਂ ਇਹ 12 ਪਾਤਸ਼ਾਹੀਆਂ ਦੀ ਸੀ। ਅਕਾਲੀਆਂ ਨੇ ਇਸਤੇ ਨੋਟਿਸ ਲਿਆ ਕਿ ਇਹ ਅਰਦਾਸ ਕਿਉਂ ਕੀਤੀ ਗਈ ਹੈ? ਉਸਦਾ ਸਿੱਧਾ ਜਿਹਾ ਉਤਰ ਸੀ: ਮੈਂ ਤਾਂ ਨਿੱਤ ਏਹੋ ਅਰਦਾਸ ਕਰਦਾ ਹਾਂ। ਸਾਡੇ ਏਥੇ ਨਹੀਂ ਹੋਵੇਗੀ। ਅਕਾਲੀ ਮੁਖੀ ਬੋਲਿਆ। ਚੰਗਾ ਫਿਰ ਹਿੱਸਾ ਵੱਖ ਕਰ ਦਿਉ। ਕਿਵੇਂ ਹਿੱਸਾ ਲਵੇਗਾ। ਬਸ ਤੁਸੀਂ ਇੱਟ ਨਾਲ ਇੱਟ ਦੇ ਦਿਉ ਪੱਤਰੇ ਨਾਲ ਪੱਤਰਾ। ਲੋਕਾਂ ਦਾ ਜ਼ਰੂਰ ਵਧੇਰੇ ਸਬਰ ਹੋਵੇਗਾ। ਕੁਝ ਗੱਲਾਂ ਵਿਚਾਰ ਕੇ ਭਾਈ ਵੀਰ ਸਿੰਘ ਸੇਠੀ ਨੂੰ ਹੀ ਗੁਰਦੁਆਰਾ ਸੇਵਕ ਪਰਵਾਨ ਕੀਤਾ ਗਿਆ।

ਇਹ ਘਟਨਾ 1948 ਦੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਥਾਈਲੈਂਡ ਦੌਰੇ ਸਮੇਂ ਵਰਤਮਾਨ ਸਤਿਗੁਰੂ ਜੀ ਵੀ ਨਾਲ ਸਨ। ਸਤਿਗੁਰੂ ਜੀ ਦੇ ਘਰ ਚਰਨ ਪੁਆਉਣ ਸਮੇਂ ਸੇਠ ਗੁਰਮੁਖ ਸਿੰਘ, ਸੇਠ ਦਿਆਲ ਸਿੰਘ, ਸੇਠ ਮੋਹਨ ਸਿੰਘ, ਸੇਠ ਨਰੈਣ ਸਿੰਘ ਆਦਿ ਵੱਡੇ ਸੇਠਾਂ ਨੇ 5-500 ਟਿੱਕਲ ਹੀ ਮੱਥਾ ਟੇਕਿਆ। ਵੇਖਣ ਨੂੰ ਸਾਧਾਰਨ ਜਿਹੇ ਦਿਸਦੇ ਵੀਰ ਸਿੰਘ ਸੇਠੀ ਨੇ 21000/- ਭੇਟਾ ਕੀਤਾ। ਇਹ ਵੇਖਕੇ ਭਾਈ ਵਜ਼ੀਰ ਸਿੰਘ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁੱਖ ਸੇਵਕ ਦੋ ਤਿੰਨ ਦਿਨ ਤੱਕ ਤੌਰ ਭੁੱਲੇ ਰਹੇ। ਉਹ ਘੜੀ ਮੁੜੀ ਆਖੇ: ਯਾਰੋ, ਹੱਦ ਹੋ ਗਈ। ਇਸ ਗਰੀਬੜੇ ਜਿਹੇ ਸਿੱਖ ਵਿਚ ਸਤਿਗੁਰੂ ਜੀ ਨੇ ਕਿੰਨੀ ਉਦਾਰਤਾ ਅਤੇ ਸ਼ਰਧਾ ਪਾ ਰੱਖੀ ਹੈ। ਸੇਠਾਂ ਨੂੰ ਕਈ ਗੁਣਾਂ ਪਿਛੇ ਛੱਡ ਗਿਆ। ਇਸ ਲਈ ਪਤਾ ਨਹੀਂ ਕਿਸੇ ਵਿਚ ਸਤਿਗੁਰਾਂ ਨੇ ਕਿਹੜੀ ਵਸਤ ਪਾ ਰੱਖੀ ਹੈ।

ਤੀਜੀ ਗੱਲ ਦੱਸਣ ਤੋਂ ਪਹਿਲਾਂ ਵੀਰ ਸਿੰਘ ਸੇਠੀ ਕਿਸ ਗੱਲੋਂ ਬਾਦ ਆਇਆ ਉਹਦਾ ਚੇਤਾ ਆ ਗਿਆ ਹੈ।

ਸ੍ਰੀ ਸਤਿਗੁਰੂ ਜੀ ਮੇਰੇ ਨਾਲ, ਸਾਰੀ ਸੰਗਤ ਦੇ ਹੁੰਦਿਆਂ ਬਚਨ ਕੀਤਾ: ਐਤਕਾਂ ਬੈਂਕੌਂਕ ਦਾ ਸਾਰਾ ਮੇਲਾ ਅੰਮ੍ਰਿਤਸਰੀਏ ਮਹਿੰਦਰ ਸਿੰਘ ਨੇ ਕੀਤਾ। ਮਹਿੰਦਰ ਸਿੰਘ ਦੇ ਵੱਡੇ ਭਾਈ ਦੀਦਾਰ ਸਿੰਘ ਦੀ ਮਿਰਤੂ ਹੋ ਗਈ ਸੀ ਉਸਦਾ 26-4-87 ਨੂੰ ਭੋਗ ਸੀ ਤਾਂ ਅਸੀਂ ਗਏ। ਮੇਰੇ ਪੁੱਛਣ ਤੇ ਦੱਸਿਆ ਗਿਆ ਕਿ ਸ੍ਰੀ ਹਜ਼ੂਰ ਨਾਲ ਬਲਦੇਵ ਸਿੰਘ, ਪੂਰਬਾ ਅਤੇ ਲਾਂਗਰੀ ਸਤਨਾਮ ਸਿੰਘ ਗਏ ਸਨ ਪਰ ਇਕ ਦੂਜਾ ਜਥਾ ਵੀ ਦੋ ਦਿਨ ਪਿਛੋਂ ਪਹੁੰਚਿਆ ਇਹ ਸਨ: ਅਵਤਾਰ ਸਿੰਘ ਘੁੰਮਣ, ਗੁਰੇਦਵ ਸਿੰਘ ਨੰਬਰਦਾਰ ਸੰਤ ਨਗਰ ਅਤੇ ਸੰਤ ਮਨਮੋਹਨ ਸਿੰਘ ਨਾਮਧਾਰੀ ਜੀਵਨ ਨਗਰ।

ਸ੍ਰੀ ਸਤਿਗੁਰੂ ਜੀ ਦੱਸਿਆ: ਅਸੀਂ 25 ਅਪ੍ਰੈਲ ਤੋਂ 10 ਮਈ ਤੱਕ ਮਹਿੰਦਰ ਸਿੰਘ ਦੇ ਪ੍ਰਾਹੁਣੇ ਸਾਂ। ਸਤਿਗੁਰੂ ਜੀ ਨੇ

ਕਿਰਪਾ ਕੀਤੀ ਹੈ, ਸੇਠਾਂ ਨੂੰ ਵਿਖਾ ਦਿੱਤਾ ਹੈ ਕਿ ਇਸ ਸਾਧਾਰਨ ਸਿੱਖ ਨੇ 15 ਦਿਨ ਨਿਸ਼ਟਾ ਨਾਲ ਸੇਵਾ ਕੀਤੀ ਤੇ ਸਤਿਕਾਰ ਦਿੱਤਾ, ਹੋਰ ਵੀ ਸੰਗਤ ਦੀ ਆਓ ਭਗਤ ਹੁੰਦੀ ਰਹੀ। ਮਹਿੰਦਰ ਸਿੰਘ ਨੇ ਲੰਗਰ ਦੀ ਤੰਗੀ ਕਾਰਨ, ਆਪਣੀ ਭੂਆ ਰਜਵੰਤ ਕੌਰ ਦੀ ਨੂੰਹ ਸੁਪੱਤਰੀ ਸੇਠ ਭਗਵੰਤ ਸਿੰਘ ਨੂੰ ਆਪਣੇ ਘਰ ਸਾਰੀ ਰਿਹਾਇਸ਼ ਰੱਖਣ ਲਈ ਮਨਾਇਆ, ਉਸਦੀ ਜਗ੍ਹਾ ਖੁਲ੍ਹੀ ਅਤੇ ਆਪਣੀ ਤੰਗ ਹੋਣ ਕਰਕੇ ਪਰ ਗੱਲਾਂ ਕਰਨ ਵਾਲਿਆਂ ਨੇ ਉਸਨੂੰ ਮੁਕਰਾ ਦਿੱਤਾ ਕਿ ਇਹ ਜਿਥੇ ਜਾਣ ਓਤੇ ਗਲੀਚੇ ਗਿੱਲੇ ਹੋ ਜਾਂਦੇ, ਨਾਲੀਆਂ ਟੁੱਟ ਜਾਂਦੀਆਂ, ਸ਼ੈਂਕ ਤਬਾਹ ਹੋ ਜਾਂਦੇ ਹਨ, ਟੈਲੀਫੋਨਾਂ ਦਾ ਬਿੱਲ ਹੀ ਹਜ਼ਾਰਾਂ ਤੱਕ ਆ ਜਾਂਦਾ ਹੈ। ਅਸੀਂ ਮਹਿੰਦਰ ਸਿੰਘ ਦੇ ਘਰ ਹੀ ਰਹੇ, ਟੈਲੀਫੋਨ ਵੀ ਹੁੰਦੇ ਰਹੇ ਪਰ ਕਿਸੇ ਦਾ ਕੁਝ ਵਿਗੜਿਆ ਨਹੀਂ।

ਇਸ ਗੱਲੋਂ ਸਤਿਗੁਰੂ ਜੀ ਨੂੰ ਸੇਠੀ ਵੀਰ ਸਿੰਘ ਦੀ ਯਾਦ ਆਈ।

ਓਦਰ ਕਮਰਿਆਂ ਦੇ ਬਰਾਮਦੇ ਦਾ ਬੂਹਾ ਖੋਲ ਤਰਸੇਮ ਸਿੰਘ ਝਾਤੀ ਮਾਰਦਾ ਰਿਹਾ ਕਿ ਮੇਰੇ ਪਾਤਸ਼ਾਹ ਜਲਦੀ ਆਉਣਾ ਪਰ ਸੱਚੇ ਪਾਤਸ਼ਾਹ ਜੀ ਨੇ ਮੇਰੇ ਨਾਲ ਵਾਰਤਾ ਕਰ ਸਕੱਤਰ ਨੂੰ ਨਿਵਾਜਿਆ। ਏਥੇ ਅੰਦਰ, ਬੈਠਣ ਕਮਰੇ ਮੂਹਰੇ ਸ੍ਰੀ ਸਤਿਗੁਰੂ ਜੀ ਅਤੇ ਸਕੱਤਰ ਖਲੋਤੇ ਸਨ, ਸਾਹਵੇਂ ਸਨ ਬੀਬੀ ਕੁਲਦੀਪ ਕੌਰ ਕੈਨੇਡਾ, ਸੁਰਜੀਤ ਕੌਰ ਲਾਂਗਰੀ ਅਤੇ ਬੀਬੀ ਨਰਿੰਦਰ ਸਾਰੀਆਂ ਹੱਥ ਜੋੜੀ ਖਲੋਤੀਆਂ ਸਨ। ਬੀਬੀ ਕੁਲਦੀਪ ਨੀਵੀਂ ਨਜ਼ਰੇ ਸੀ। ਅੱਜ ਮੈਂ ਉਹਦੇ ਚਿਹਰੇ ਤੇ ਉਹ ਖੇੜਾ ਨਹੀਂ ਸੀ ਵੇਖ ਰਿਹਾ, ਜਿਹੜਾ ਆਮ ਕਰਕੇ ਲੱਭਦਾ ਹੁੰਦਾ ਸੀ।

ਸਕੱਤਰ ਨੇ ਹੱਥ ਜੋੜ ਬਿਨੈ ਕੀਤੀ: ਸੱਚੇ ਪਾਤਸ਼ਾਹ, ਬੀਬੀ ਕੁਲਦੀਪ ਬੱਸ ਵੀ ਨਾਲ ਨਹੀਂ ਲਜਾਏਗੀ, ਮੈਟਾ ਡੋਰ ਵੀ ਨਹੀਂ ਖੜੇਗੀ, ਆਪ ਜੀ ਆਗਿਆ ਬਖਸ਼ੋ ਜਿਨ੍ਹਾਂ ਨੂੰ ਕਹਿ ਬੈਠੀ ਹੈ, ਉਹਨਾਂ ਨੂੰ ਰੋਕੇ ਨਾ। ਉਹ ਆਪਣੀਆਂ ਸਵਾਰੀਆਂ ਨਾਲ ਰਾਤ ਤੱਕ ਭੈਣੀ ਸਾਹਿਬ ਪੁੱਜ ਜਾਣ ਸਤਿਗੁਰੂ ਜੀ ਨੇ ਤੁਰੰਤ ਠੀਕ ਹੈ ਆਖ ਦਿੱਤਾ ਪਰ ਅਜੇ ਸਕੱਤਰ ਦੀ ਵਿਆਖਿਆ ਜਾਰੀ ਸੀ। ਸਤਿਗੁਰਾਂ ਕਿਹਾ: ਕਹਿ ਜੁ ਦਿੱਤਾ ਹੈ ਫੇਰ ਇਹਦੀ ਕੀ ਲੋੜ।

ਇਸ ਤੋਂ ਪਤਾ ਲੱਗਾ ਕਿ ਸ. ਸਾਧੂ ਸਿੰਘ ਦੀ ਲੜਕੀ ਨਾਲ ਕੱਲ੍ਹ, ਸਵੇਰ ਹੋਣ ਵਾਲੇ ਭੈਣੀ ਸਾਹਿਬ ਵਿਖੇ ਆਨੰਦ ਕਾਰਜ ਲਈ ਬੀਬੀ ਬੱਸ ਲੈ ਜਾਣਾ ਚਾਹੁੰਦੀ ਸੀ ਜਾਞੀਆਂ ਦੀ ਭਰਕੇ, ਨਾਮਧਾਰੀ ਪੰਥ ਵਿਚ ਅਕੇਲੀ ਇਸਤਰੀ ਹੈ ਜਿਹੜੀ ਗਹਿਣੇ ਪਾਉਂਦੀ, ਸਲਵਾਰ ਪਹਿਨਦੀ ਅਤੇ ਮਟਕ ਕੇ ਰਹਿੰਦੀ ਹੈ। ਊਂ ਗਿਆਨਵਾਨ ਹੈ, ਜਾਪਦਾ ਹੈ ਏਸੇ ਖੁਲ੍ਹ ਚੋਂ ਉਹ ਜੰਞ ਵੀ ਲੈਕੇ ਜਾਣਾ ਚਾਹੁੰਦੀ ਹੋਵੇਗੀ, ਜਿਸਨੂੰ ਬ੍ਰੇਕਾਂ ਲੱਗ ਗਈਆਂ।

ਗੱਲ ਬਾਤ ਮੁੱਕੀ ਜਾਣ ਮੈਂ ਪੂਰਬੇ ਪਾਸ ਬੈਠਣ ਕਮਰੇ ਵਿਚ ਚਲਾ ਗਿਆ। ਏਥੇ ਦੋ ਵੱਡੇ ਵੱਡੇ ਗੱਤੇ ਦੇ ਡੱਬੇ ਅਤੇ ਸੋਨ ਰੰਗੇ ਦਰਿਆਨ ਖਿਲਰੇ ਪਏ ਸਨ। ਕੁਲ 15 ਸਨ ਪ੍ਰਤੀ ਦਰਿਆਨ ਮੁਲ 150/ ਅਰਥਾਤ 2250 ਮੁੱਲ ਦੇ। ਇਹ ਬੈਂਕੋਕ ਤੋਂ ਸ੍ਰੀ ਸਤਿਗੁਰੂ ਜੀ ਨਾਲ ਜਾਂ ਪਿਛੋਂ ਹਵਾਈ ਜਹਾਜ਼ ਦੁਆਰਾ ਆਏ ਸਨ। ਇਸ ਕਮਰੇ ਵਿਚ ਦੋ ਵਿਅਕਤੀ ਹੋਰ ਵੀ ਸਨ ਜੋ ਬੈਂਕੌਕ ਵਾਸੀ ਸਨ: ਸੰਤ ਹਰੀ ਸਿੰਘ ਅਤੇ ਸੇਠ ਧਰਮ ਸਿੰਘ ਚਾਵਲਾ। ਧਰਮ ਸਿੰਘ ਆਪਣੇ ਨਾਲ ਦਰਿਆਨ ਛਾਟ ਕੇ ਡੱਬਾ ਬੰਦ ਕਰ ਰਿਹਾ ਸੀ।

ਦਸਤਕਾਰ ਵੇਖੋ, ਮੈਂ ਬੁਧੀਰਾਜਾ ਸਰਦਾਰ ਨੂੰ ਪਹਿਚਾਣ ਨਾ ਸਕਿਆ। ਜਦੋਂ ਮੈਂ ਉਸਨੂੰ ਉਸਦਾ ਨਾਂ ਪੁੱਛਿਆ। ਉਹ ਮੇਰੇ ਤਰੀਕੇ ਅਨੁਸਾਰ ਹੀ ਬੋਲਿਆ: ਕਵੀ ਜੀ, ਇਸ ਤੋਂ ਪਹਿਲੋਂ 7 ਵਾਰੀ ਤੁਸੀਂ ਮੇਰਾ ਨਾਮ ਪੁੱਛ ਬੈਠੇ ਹੋ, ਹੁਣ ਫੇਰ ਪੁੱਛਦੇ ਪਏ ਹੋ? ਆਪਣੀ ਕਮਜ਼ੋਰੀ ਮੈਂ ਇਹ ਕਹਿਕੇ ਲੁਭਾਈ: ਜਦ ਤੱਕ ਤੁਸੀਂ ਸਮੇਤ ਨਾਮ ਅਤੇ ਸ਼ਕਲੋ ਸੂਰਤ ਦੇ ਮੇਰੇ ਹਿਰਦੇ ਵਿਚ ਨਾ ਵੱਸੋ ਗੇ, ਮੈਂ ਤੁਹਾਨੂੰ ਕਸ਼ਟ ਦਿੰਦਾ ਹੀ ਰਹਾਂਗਾ। ਸੰਤ ਹਰੀ ਸਿੰਘ ਬੁੱਧੀ ਰਾਜਾ ਢੇਰ ਸਾਰੇ ਪੁੱਤਰਾਂ ਦੇ ਪਿਤਾ ਹਨ ਅਤੇ ਅਜੇ ਵੀ ਤਿਆਰ ਬਰ ਤਿਆਰ ਹਨ, ਸਰੀਰੋਂ ਏਨੇ ਬਲਸ਼ਾਲੀ ਕਿ 10 ਬੱਚਿਆਂ ਨੂੰ ਹੋਰ ਜਨਮ ਦੇ ਸਕਦੇ ਹਨ।

ਮੇਰੇ ਭਾਵਾਂ ਨੂੰ ਸ੍ਰੀ ਸਤਿਗੁਰੂ ਜੀ ਏਸੇ ਅੰਦਰ ਆ ਗਏ ਅਤੇ ਆਪ ਜੀ ਨੇ ਹਦਾਇਤ ਕੀਤੀ: 10 ਦਰਿਆਨ ਬੈਂਗਲੋਰ ਭੇਜ ਦਿਓ, ਜਿਨ੍ਹਾਂ ਚੋਂ ਦੋ ਸੁਨਹਿਰੀ ਕੇਵਲ ਮਹਾਰਾਜ ਜੀ ਵਾਸਤੇ ਹੋਣ ਅਤੇ ਕੁਝ ਹੋਰ ਡਬੀਆਂ ਵੀ ਪੈਕਟ ਬੰਦ ਹੋਣ ਲਈ ਆ ਗਈਆਂ, ਸ਼ਾਇਦ ਇਹ ਪੁਸ਼ਪ ਬੀਜ ਸਨ।

ਸ. ਬੁੱਧੀ ਰਾਜਾ ਵੱਲ ਸਤਿਗੁਰੂ ਜੀ ਮੁਖਾਤਬ ਹੋਏ, ਕਿਵੇਂ ਆਉਣਾ ਹੋਇਆ? ਜੀ, ਓਅੰਕਾਰ (ਸਪੁੱਤਰ ਸੇਠ ਨਰੈਣ

ਚਾਵਲਾ) ਤੋ ਕੁਝ ਪੈਸੇ ਲੈਣੇ ਸਨ, ਉਹ ਬੈਂਕੌਂਕ ਚੁਪੀਤਿਆਂ ਨਿਕਲ ਆਇਆ ਹੈ। ਸਤਿਗੁਰਾਂ ਮੈਨੂੰ ਬਚਨ ਕੀਤਾ: ਹਰੀ ਸਿੰਘ ਊਂ ਤਾਂ ਤਕੜਾ ਹੈ ਪਰ ਗੱਲ ਦਿਲ ਨੂੰ ਲਾ ਲੈਂਦਾ ਹੈ, ਅਰਥਾਤ ਦਿਲ ਤਕੜਾ ਨਹੀਂ ਰੱਖਦਾ। ਪੈਸੇ ਮਰੇ ਤਾਂ ਇਹ ਵੀ ਨਾਲ ਹੀ ਜਾਂਦਾ ਹੈ। ਸਤਿਗੁਰਾਂ ਬਚਨ ਕੀਤਾ: ਜੇ ਤਰ ਜਾਵੇ ਤਾਂ ਲੰਗਰ ਲਈ ਦਸਵੰਧ ਦੇਂਵੇਗਾ। ਜ਼ਰੂਰ ਸੱਚੇ ਪਾਤਸ਼ਾਹ! ਰਕਮ ਕਿੰਨੀ ਕੁ ਹੈ, ਇਸ ਵਿਚ ਮੇਰੀ ਦਿਲਚਸਪੀ ਸੀ। ਸਤਿਗੁਰਾਂ ਪੁੱਛ ਲਿਆ। ਸੇਠ ਓਅੰਕਾਰ ਸਿੰਘ ਚਾਵਲਾ ਨੇ ਹਰੀ ਸਿੰਘ ਬੁਧੀ ਰਾਜਾ ਦਾ 9000000 (ਨੱਬੇ ਲੱਖ ਟਿਕਲ) ਦੇਣਾ ਸੀ, ਰੁਪੈਆ ਵਿਚ ਅੱਜ ਦੇ ਰੇਟ 8460000/-।

ਮੈਨੂੰ ਬੁੱਧੀ ਰਾਜਾ ਨੇ ਆਪਣਾ ਵਿਸ਼ਵਾਸ ਦੱਸਿਆ: ਇਹ ਰਕਮ ਹੁਣ ਡੁੱਬਦੀ ਨਹੀਂ, ਇਹਦੇ ਜ਼ਾਮਨ ਸਤਿਗੁਰ ਹੋ ਗਏ ਹਨ। ਮੈਂ ਕਈ ਵਾਰ ਅਜ਼ਮਾਇਆ ਹੈ, ਜਦੋਂ ਐਸੀ ਨੌਬਤ ਆਈ ਹੈ ਅਤੇ ਕਿਤੇ ਸਤਿਗੁਰਾਂ ਦਸਵੰਧ ਮੰਗ ਲਿਆ ਹੈ, ਮੇਰੀ ਰਕਮ ਤਰ ਗਈ ਹੈ। ਮੈਨੂੰ ਉਸ ਵਿਚੋਂ 9 ਲੱਖ ਦਿੰਦਿਆਂ ਕੋਈ ਪੀੜ ਨਹੀਂ।

ਸਤਿਗੁਰੂ ਜੀ ਇਸ਼ਨਾਨ ਕਰਨ ਚਲੇ ਗਏ ਸਨ। ਇਸ ਦੌਰਾਨ ਹੀ ਮੈਨੂੰ ਸੁਨੇਹਾ ਮਿਲਿਆ: ਸੱਚੇ ਪਾਤਸ਼ਾਹ ਯਾਦ ਕਰ ਰਹੇ ਹਨ। ਮੈਂ ਆਪ ਜੀ ਦੇ ਕਮਰੇ ਵਿਚ ਗੁਸਲਖਾਨਿਓਂ ਹੋ ਲੰਘਿਆ। ਸਤਿਗੁਰਾਂ ਅਜੇ ਇਸ਼ਨਾਨ ਕਰਨਾ ਸੀ। ਆਪ ਜੀ ਬਚਨ ਕੀਤਾ: ਸੁਰਿੰਦਰ (ਮਨਚੰਦਾ) ਕਵੀ ਜੀ ਨੂੰ ਸੁਰੰਮ੍ਰਿਤ ਵਾਲੀ ਸਾਰੀ ਗੱਲਬਾਤ ਸੁਣਾ। ਤਰਸੇਮ ਤੂੰ ਵੀ ਕੋਲ ਬੈਠ ਕੇ ਸੁਣੀ।

ਇਸ ਕਮਰੇ ਵਿਚ ਸਾਡੇ ਤਿੰਨਾਂ ਬਿਨਾਂ ਹੋਰ ਕੋਈ ਨਹੀਂ ਸੀ ਸਤਿਗੁਰੂ ਜੀ ਇਸ਼ਨਾਨ ਲਈ ਜਾ ਚੁੱਕੇ ਸਨ। ਮਨਚੰਦਾ ਬੋਲਿਆ: ਗੁੜਗਾਵਾਂ ਫਾਰਮ ਦੇ ਅਸੀਂ ਤਿੰਨ ਭਾਈਵਾਲ ਬਣੇ। ਇਕ ਹਿਸੇ ਦੇ ਮਾਲਕ ਸੇਠ ਤ੍ਰਲੋਕ ਸਿੰਘ ਜੀ ਅਤੇ ਦੂਜੇ ਅੱਧ ਵਿਚ ਮੈਂ ਅਤੇ ਹੰਸਪਾਲ ਜੀ, 9400000/ (ਚੁਰਾਨਵੇਂ ਲੱਖ ਰੁਪੈਆ) ਇਸਦੀ ਕੀਮਤ ਮੰਗੀ ਗਈ। 47 ਲੱਖ ਰੁਪੈਆ ਭੁਗਤਾਨ ਕਰਨ ਦਾ ਅਸਾ ਸ਼ਡਿਊਲ ਬਣਾਇਆ ਪਰ ਅਸੀਂ ਕਿਸੇ ਤਰ੍ਹਾਂ ਸੇਠ ਜੀ ਨਾਲ ਕੀਤੇ ਇਕਰਾਰ ਤੇ ਪੂਰੇ ਨ ਲਹਿ ਸਕੇ। ਫਿਰ ਅਸਾਂ ਆਪਣੇ ਹਿਸੇ ਨੂੰ ਤਿੰਨੀਂ ਥਾਈ ਕਰਨ ਦਾ ਮਨ ਬਣਾ ਕੇ ਸੁਰੰਮ੍ਰਿਤ ਸਿੰਘ ਨੂੰ ਨਾਲ ਰਲਾ ਲਿਆ ਪਰ 1983 ਵਿਚ ਜਾਕੇ ਭਾਵੇਂ ਉਸ ਵੇਲੇ ਸਮੁੱਚੇ ਫਾਰਮ ਦੀ ਕੀਮਤ 1 ਕਰੋੜ 15-20 ਲੱਖ ਬਣਦੀ ਸੀ ਪਰ ਅਸਾਂ 94 ਲੱਖ ਹੀ ਰੱਖੀ ਤੇ ਸੈਠ ਜੀ ਦੀ ਰਕਮ ਤਾਰਨ ਹਿੱਤ ਸੁਰੰਮ੍ਰਿਤ ਨੂੰ ਭਾਈ ਵਾਲ ਬਣਾ ਲਿਆ। ਇਹ ਸਾਨੂੰ 6-7 ਲੱਖ ਰੁਪੈਆ ਦੇ ਗਿਆ ਫਿਰ ਇਸਨੇ ਵੀ ਵੱਟੀ ਨਾ ਵਾਹੀ। ਹੁਣ ਹਾਲਾਤ ਐਸੇ ਬਣੇ ਕਿ ਸੇਠ ਜੀ ਨਾਲ ਆਪਣੇ ਲੈਣ-ਦੇਣ ਦੇ ਚੱਕਰ ਵਿਚ ਸੁਰੰਮ੍ਰਿਤ ਭਰਾਵਾਂ ਨੇ ਫਾਰਮ ਤੇ ਕਬਜ਼ਾ ਕਰਨ ਹਿੱਤ ਧਾਵਾ ਬੋਲਿਆ ਤੇ ਜਿਸ ਫਾਰਮ ਦੀ ਅੰਦਰਲੀ ਵੰਡ ਦਾ ਕਿਸੇ ਨੂੰ ਪਤਾ ਨਹੀਂ ਸੀ, ਉਸਦੇ ਦਰਮਿਆਨ ਤਾਰ ਵਲੀ ਜਾਣ ਦੀ ਗੱਲ ਛਿੜ ਪਈ। ਝਗੜਾ ਖੜਾ ਕਰਕੇ ਸੁਰੰਮ੍ਰਿਤ ਨੇ ਇਕ ਟ੍ਰੈਕਟਰ ਟਰਾਲੀ ਵੀ ਲੈ ਗਏ।

ਤਦ ਤੱਕ ਨੂੰ ਸਤਿਗੁਰੂ ਜੀ ਵੀ ਆ ਗਏ ਅਤੇ ਤੁਰੰਤ ਸੁੱਚੇ ਵਿਛੇ ਮੰਜੇ ਤੇ ਪਲਾਥੀ ਮਾਰ ਕੇ ਬੈਠ ਗਏ ਅਤੇ ਬਾਕੀ ਗੱਲ ਦੀ ਤਾਰ ਆਪ ਨੇ ਪਕੜ ਲਈ ਪਿੱਛੇ ਜਿਹੇ ਸੇਠ ਜੀ ਦੇ ਲੜਕੇ ਬਲਦੇਵ ਨੂੰ ਅਮਰੀਕਾ ਵਿਚ ਤਕੜੀ ਰਕਮ ਦੀ ਲੋੜ ਪੈ ਗਈ। ਮੈਂ ਉਸਦੀਆਂ ਬਾਰ-ਬਾਰ ਆਉਂਦੀਆਂ ਚਿਠੀਆਂ ਨੂੰ ਮੁੱਖ ਰੱਖ ਕੇ 15 ਲੱਖ ਫੜ ਫੜਾਕੇ ਘਲਾ ਦਿੱਤਾ, ਪੰਜ ਲੱਖ ਦੀ ਫੇਰ ਲੋੜ ਪਈ ਤਾਂ ਭੇਜ ਦਿੱਤਾ। ਹੁਣ ਜਦੋਂ ਹਿਸਾਬ ਵਿਚ ਉਹ ਰਕਮ ਪਾਈ ਤਾਂ ਸੇਠ ਜੀ ਵੀ ਲੜਨ ਨੂੰ ਆਉਣ ਮੈਂ ਕਦੋਂ ਕਿਹਾ ਸੀ ਉਹਨੂੰ ਦੇਣ ਲਈ? ਤੁਸਾਂ ਦਿੱਤਾ ਸੀ, ਉਸ ਨਾਲ ਹਿਸਾਬ ਨਬੇੜੋ। ਮੈਂ ਵੇਖ ਲਿਆ, ਸੇਠ ਜੀ ਭੱਜ ਖਲੋਤੇ ਸਨ, ਮੈਂ ਲੜਨਾ ਨਹੀਂ ਸੀ। ਏਧਰ ਸੁਰੰਮ੍ਰਿਤ ਦਾ ਵੀ ਏਹੋ ਹਾਲ। ਅਸਾਂ ਸਾਰਾ ਫਾਰਮ ਛੱਡ ਦੇਣ ਦਾ ਮਨ ਬਣਾ ਕੇ ਉਸਨੂੰ ਕਿਹਾ- ਗੱਲ ਬਾਤ ਐਤਕਾਂ ਬੈਂਕੌਕ ਗਿਆ ਹੋਈ- ਮੌਜੂਦਾ ਰੇਟ ਤੇ ਸਾਡੇ ਪਾਸੋਂ ਬਾਕੀ ਦਾ ਫਾਰਮ ਲੈ ਲੈ ਤੇ ਗੱਲ ਮੁਕਾ। ਸਾਰੀ ਦੋ ਏਕੜ ਜਗ੍ਹਾ ਸੜਕ ਦੇ ਨਾਲ ਲਗਵੀਂ ਸੀ, ਜਿਸ ਇਕੱਲੀ ਤੇ ਦੁਕਾਨਾਂ ਬਣਾਇਆ ਸਾਡਾ 60 ਲੱਖ ਰੁਪੈਆ ਪੱਕਾ ਸੀ। ਜਦੋਂ ਉਸ ਨਾਲ ਗੱਲ ਕੀਤੀ ਤਾਂ ਉਹ ਵੀ ਥਿੜਕ ਗਿਆ। ਪਰ ਮੈਂ ਸਮਝਿਆ ਕਿ ਸਿੱਖਾਂ ਨੂੰ ਬੇਮੁੱਖ ਨਹੀਂ ਹੋਣ ਦੇਣਾ। ਹਿਸਾਬ ਕਿਤਾਬ ਵਿਚ ਉਸਨੂੰ, ਸਾਡੇ ਵਾਸਤੇ 60 ਲੱਖ ਦੇਣਾ ਬਣਦਾ ਸੀ, ਅਸੀਂ ਉਸ ਤੋਂ 20 ਲੱਖ ਲੈਣਾ ਮੰਨ ਲਿਆ। ਉਸ ਨੂੰ ਕਹਿ ਦਿੱਤਾ: ਇਹ ਰਕਮ ਲੰਗਰ ਦੀ ਸੀ। ਤੁਸੀਂ ਪਹਿਲਾਂ ਵੀ ਲੰਗਰ ਦੀ ਸੇਵਾ ਕਰਦੇ ਰਹੇ ਹੋ ਫੇਰ ਸ਼ਾਇਦ ਹੋਰ ਵੀ ਬਾਹਲੀ ਕਰੋ ਅਤੇ ਹੁਣ ਉਹ ਸੰਤੁਸ਼ਟ ਹੈ 60 ਲੱਖ ਛੁਡਵਾ ਕੇ, 40 ਏਹ ਤੇ 20 ਹੋਰ ਛੁਡਵਾ ਕੇ, ਸੇਠ ਜੀ ਨੂੰ ਡੋਲਣੋਂ ਬਚਾਇਆ ਹੈ 20 ਲੱਖ ਰੁਪੈਆ ਛੱਡ ਕੇ। ਹੁਣ ਸੁਰੰਮ੍ਰਿਤ ਨੇ ਏਥੇ ਦਿਲੀ ਵਿਚ 20 ਲੱਖ ਰੁਪੈਆ ਦੇਣ ਆਉਣਾ ਹੈ, ਤੁਸਾਂ ਵੀ ਉਸ ਸਮੇਂ ਕੋਲ ਹੋਣਾ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਅਗਲੇ ਭਲਕ ਕਥਾ ਵਿਚ ਮਾਈ ਹੁਕਮੀ ਨੇ ਮਹਾਰਾਜੇ ਨੂੰ ਕਿਹਾ ਕਿ ਰਾਜਾ ਸਾਹਿਬ ਘਾਬਰਣ ਦੀ ਕੋਈ ਲੋੜ ਨਹੀਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤੁਹਾਨੂੰ ਇਕ ਪੁੱਤਰ ਬਖਸ਼ ਦਿਤਾ ਹੈ। ਰਾਜੇ ਨੂੰ ਤਾਂ ਪੂਰਾ ਯਕੀਨ ਹੋ ਗਿਆ।ਬੱਚਾ ਪੈਦਾ ਹੋਣ ਤੋਂ ਕੋਈ ਸਵਾ ਮਹੀਨਾ ਪਹਿਲਾਂ ਅੰਗ੍ਰੇਜ਼ ਲੇਡੀ ਡਾਕਟਰਾਂ ਨੇ ਸ਼ੀਸ਼ਾ ਵਗੈਰਾ ਯੰਤਰ ਲਾ ਕੇ ਵੇਖਿਆ ਅਤੇ ਆਖਿਆ ਕਿ ਲੜਕੀ ਹੈ। ਰਾਜੇ ਨੇ ਮਾਈ ਹੁਕਮੀ ਪਾਸ ਅਰਜ਼ ਕੀਤੀ ਕਿ ਡਾਕਟਰਾਂ ਦਾ ਕਹਿਣਾ ਲੜਕੀ ਬਾਰੇ ਹੈ। ਮਾਈ ਜੀ ਨੇ ਦ੍ਰਿੜ੍ਹ ਵਿਸ਼ਵਾਸ ਨਾਲ ਆਖਿਆ ਕਿ ਜਦੋਂ ਸਤਿਗੁਰੂ ਜੀ ਲੜਕਾ ਦੇ ਗਏ ਹਨ, ਲੜਕੀ ਨਹੀਂ ਹੋ ਸਕਦੀ, ਭਾਵੇਂ ਤਿੰਨੇ ਲੋਕ ਉਲਟ ਜਾਣ, ਮੇਰੇ ਸਤਿਗੁਰੂ ਜੀ ਦਾ ਬਚਨ ਨਹੀਂ ਉਲਟ ਸਕਦਾ।

ਦਿਨ ਪੂਰੇ ਹੋਣ ਤੇ ਮਹਾਰਾਣੀ ਦੀ ਕੁੱਖੋਂ ਲੜਕਾ ਪੈਦਾ ਹੋਇਆ। ਇਸ ਰਾਜਕੁਮਾਰ ਦਾ ਜਨਮ 5 ਅੱਸੂ ਸੰਬਤ 1976 ਨੂੰ ਹੋਇਆ ਸੀ। ਉਸ ਵੇਲੇ ਨਾਮਧਾਰੀ ਪੰਥ ਦੀ ਗੱਦੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ ਅਤੇ ਮਹਾਰਾਜੇ ਨੇ ਨਾਮਧਾਰੀ ਪੰਥ ਨਾਲ ਆਪਣੀ ਸਾਂਝ ਹੋਰ ਪੀਡੀ ਕਰਨ ਵਾਸਤੇ ਸਤਿਗੁਰੂ ਜੀ ਦੇ ਨਾਮ ਤੇ ਹੀ ਆਪਣੇ ਯੁਵਰਾਜ ਦਾ ਨਾਮ ਪ੍ਰਤਾਪ ਸਿੰਘ ਰੱਖਿਆ। ਖ਼ੁਸ਼ੀਆਂ ਕੀਤੀਆਂ ਗਈਆਂ ਮਹਿਲਾਂ ਵਿਚ ਬੜੀਆਂ। ਰਾਜ ਦਰਬਾਰ ਜਗਮਗਾ ਉਠੇ। ਤੋਪਾਂ ਦੀਆਂ ਝਲਕਾਂ ਹੋਈਆਂ। ਮਾਈ ਹੁਕਮੀ ਨੂੰ ਵਿਸ਼ੇਸ਼ ਮਾਨ ਸਨਮਾਨ ਨਾਲ ਬੁਲਾ ਕੇ ਰਾਜੇ ਨੇ ਵਧਾਈ ਦਿੱਤੀ ਅਤੇ ਬੇਨਤੀ ਕੀਤੀ ਕਿ ਮਾਈ ਜੀ ਸਮੇਂ ਦੇ ਮਾਲਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਥੇ ਆਉਣ ਦੀ ਅਰਜ਼ ਕਰੋ ਅਤੇ ਪਾਠੀ ਸਿੰਘ ਲਿਆ ਕੇ ਨਾਮਧਾਰੀ ਮਰਿਆਦਾ ਨਾਲ ਨਵ ਜਨਮੇ ਬਾਲਕ ਦੀ ਖੁਸ਼ੀ ਵਿੱਚ ਇੱਥੇ ਅਖੰਡ ਪਾਠ ਹੋਣ ਅਤੇ ਸਤਿਗੁਰੂ ਜੀ ਦਰਸ਼ਨ ਦੇਣ ਮਾਈ ਹੁਕਮੀ ਨੇ ਇਕ ਸਿੰਘ ਸਤਿਗੁਰੂ ਜੀ ਵੱਲ ਭੇਜ ਦਿੱਤਾ ਬੇਨਤੀ ਲਿਖ ਕੇ ਰਾਜੇ ਵਲੋਂ। ਇਹ ਸਿੰਘ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਕੱਕੜ ਵਿੱਚ ਸਤਿਗੁਰੂ ਜੀ ਨੂੰ ਮਿਲਿਆ। ਸਤਿਗੁਰੂ ਜੀ ਨੇ ਮਾਈ ਹੁਕਮੀ ਅਤੇ ਰਾਜੇ ਦੇ ਪ੍ਰੇਮ ਵੱਸ ਹੋ ਕੇ ਦੌਰਾ ਉਥੇ ਹੀ ਬੰਦ ਕਰ ਦਿਤਾ। ਨਾਭੇ ਜਥੇ ਸਮੇਤ ਸਤਿਗੁਰੂ ਜੀ ਪਹੁੰਚੇ। ਪੰਜ ਅਖੰਡ ਪਾਠਾਂ ਦੇ ਭੋਗ ਪਾਏ ਗਏ। ਭੋਗ ਤੋਂ ਬਾਦ ਬੱਚੇ ਨੂੰ ਅੰਮ੍ਰਿਤ ਛਕਾਇਆ ਅਤੇ ਭਜਨ ਦੱਸਿਆ ਗਿਆ। ਸਤਿਗੁਰੂ ਜੀ ਤਾਂ ਭੋਗ ਤੋਂ ਬਾਦ ਫਿਰ ਆਪਣੇ ਜਥੇ ਸਮੇਤ ਦੌਰਾ ਸ਼ੁਰੂ ਕਰ ਦਿਤਾ। ਰਾਜੇ ਨੇ ਮਾਈ ਹੁਕਮੀ ਨੂੰ ਬੇਨਤੀ ਕੀਤੀ ਕਿ ਜੋ ਵੀ ਤੁਸੀਂ ਮੈਨੂੰ ਹੁਕਮ ਕਰੋਗੇ, ਮੈਂ ਉਹ ਵਸਤ ਆਪ ਦੀ ਭੇਟਾ ਕਰਾਂਗਾ। ਮਾਈ ਹੁਕਮੀ ਦਾ ਪਿਆਰ ਤਾਂ ਗੁਰੂ ਘਰ ਨਾਲ ਹੀ ਸੀ। ਮਾਈ ਨੇ ਰਾਜੇ ਨੂੰ ਕਿਹਾ ਕਿ ਨਹਿਰ ਤੇ ਸਾਡੀਆਂ ਗਊਆਂ ਦੇ ਚੁਗਣ ਵਾਸਤੇ ਜਗ੍ਹਾ ਥੋੜ੍ਹੀ ਹੈ। ਸੱਚੇ ਪਾਤਸ਼ਾਹ ਦੀਆਂ ਗਾਈਆਂ ਲਈ ਇਕ ਬੀੜ ਅਰਦਾਸ ਕਰਾ ਦਿਓ। ਮਹਾਰਾਜੇ ਨੇ ਮਾਈ ਜੀ ਨੂੰ ਕਿਹਾ ਕਿ ਮੇਰੀ ਰਿਆਸਤ ਦਾ ਜਿਹੜਾ ਵੀ ਬੀੜ ਸਤਿਗੁਰੂ ਜੀ ਪਸੰਦ ਕਰਨ ਮੈਂ ਭੇਟਾ ਕਰਨ ਦੀ ਖ਼ੁਸ਼ੀ ਲਵਾਂਗਾ। ਮਾਈ ਹੁਕਮੀ ਨੇ ਫਿਰ ਭੈਣੀ ਸਾਹਿਬ ਅਰਜ਼ ਭੇਜੀ ਕਿ ਬੀੜ ਪਸੰਦ ਕੀਤਾ ਜਾਵੇ। ਉਹਨਾਂ ਬੀੜਾਂ ਦਾ ਫਿਰ ਤੁਰ ਕੇ ਮੁਆਇਨਾ ਕੀਤਾ ਗਿਆ। ਕੋਈ ਸੌ ਮੁਰੱਬੇ ਦਾ ਸੀ, ਕੋਈ ਡੇਢ ਸੌ ਮੁਰੱਬੇ ਦਾ, ਇਹ ਮਹਾਰੜੂ ਦਾ ਬੀੜ ਇਕਵੰਜਾ ਮੁਰੱਬਿਆਂ ਦਾ ਸੀ। ਇਸ ਵਿਚ ਇਕ ਨਾਲਾ ਵੀ ਸਦਾ ਵਗਦਾ ਰਹਿੰਦਾ ਸੀ ਅਤੇ ਕੱਖ ਪੱਠਾ ਵੀ ਕਦੇ ਨਹੀਂ ਸੀ ਮੁੱਕਿਆ। ਸੋ ਇਸੇ ਬੀੜ ਵਾਸਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਜੋ ਕਿ ਨਾਭਾਪਤੀ ਨੇ ਆਪ ਨੂੰ ਮੱਥਾ ਟੇਕ ਦਿਤਾ। ਇਸ ਬੀੜ ਵਿਚ 15 ਸਾਉਣ 1978 ਬਿਕ੍ਰਮੀ ਨੂੰ ਸਾਧ ਸੰਗਤ, ਗਾਈਂ, ਮੱਝਾਂ, ਘੋੜੇ ਅਤੇ ਊਠਾਂ ਦੇ ਡੇਰੇ ਲਗ ਗਏ। ਨਹਿਰ ਵਾਲੇ ਡੇਰੇ ਤੇ ਗੁਰਮੁਖ ਸਿੰਘ ਝੱਬਰ, ਵਰਿਆਮ ਸਿੰਘ ਦਾਹੜੀ, ਅਰਜਨ ਸਿੰਘ ਨਾਂਗਾ ਅਤੇ ਸੰਤਾ ਸਿੰਘ ਢਾਡੀ ਨੂੰ

ਛੱਡ ਆਏ ਸਨ। ਇੰਤਜ਼ਾਮ ਦੀ ਘਾਟ ਵੇਖ ਕੇ ਇਹਨਾਂ ਚਹੁੰਆਂ ਨੂੰ ਵੀ ਬੀੜ ਵਿਚ ਹੀ ਸੱਦ ਭੇਜਿਆ। ਨਹਿਰ ਵਾਲੇ ਡੇਰੇ ਦੀਆਂ ਰੌਣਕਾਂ ਹੁਣ ਸਦਾ ਲਈ ਬੀੜ ਵਿਚ ਚਲੀਆਂ ਗਈਆਂ।

ਇਸੇ ਨਿਮਾਣੀ ਦੇ ਮੇਲੇ ਸੰਬਤ 1978 ਬਿਕ੍ਰਮੀ ਨੂੰ ਹੀ ਦਸ ਹਜ਼ਾਰ ਰੁਪੈ ਨਗਦ ਅਤੇ ਇਕ ਰੋਲਜ਼ ਰਾਈਸ ਕਾਰ ਜੋ ਉਦੋਂ ਸੱਤਰ ਹਜ਼ਾਰ ਰੁਪਏ ਦੀ ਆਉਂਦੀ ਸੀ, ਸ੍ਰੀ ਭੈਣੀ ਸਾਹਿਬ ਵਿਖੇ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੇ ਅਰਦਾਸ ਕਰਾਈ। ਏਨੀ ਭੇਟਾ ਦਿਤੀ ਸੁਣਕੇ ਬੀੜ ਆਦਿ ਦਾ ਦੇਣਾ ਕੂਕਿਆਂ ਨੂੰ, ਅੰਗ੍ਰੇਜ਼ਾਂ ਦੇ ਦਿਲ ਵਿਚ ਮਹਾਰਾਜਾ ਨਾਭਾ ਵਾਸਤੇ ਸੱਪ ਲੇਟਣ ਲੱਗ ਪਿਆ ਅਤੇ ਭਾਵੇਂ ਉਦੋਂ ਹੋਰ ਵੀ ਦੋਸ਼ ਉਸ 'ਤੇ ਲਾਏ ਪਰ ਮਹਾਰਾਜੇ ਪਟਿਆਲੇ ਨਾਲ ਸਰਹੱਦ ਦਾ ਨਿਗੂਣਾ ਜਿਹਾ ਝਗੜਾ ਖੜਾ ਕਰਕੇ, ਉਸ ਦੇਸ਼ ਭਗਤ ਮਹਾਰਾਜੇ ਨੂੰ ਗੱਦੀਉਂ ਲਾਹ ਕੇ ਪਹਿਲਾਂ ਡੇਹਰਾਦੂਨ ਅਤੇ ਫਿਰ ਦੱਖਣ ਦੇ ਦੁਰਾਡੇ ਇਲਾਕੇ ਵਿਚ, ਸ੍ਰੀ ਲੰਕਾ ਦੇ ਨੇੜੇ ਕੋਡਾਈ ਕਨਾਲ ਵਿਚ ਨਜ਼ਰਬੰਦ ਕਰ ਦਿਤਾ। ਇਸ ਤਰ੍ਹਾਂ ਕੂਕਿਆਂ ਨਾਲ ਮੇਲ ਜੋਲ ਵਧਾਉਣ ਦੀ ਉਸ ਦੀ ਨੀਤੀ ਵਿਰੁੱਧ ਬਦਲੇ ਦੀ ਕਾਰਵਾਈ ਕਰਕੇ, ਅੰਗ੍ਰੇਜ਼ ਹਕੂਮਤ ਨੇ ਆਪਣੀ ਛਾਤੀ ਠੰਢੀ ਕੀਤੀ।

ਇਸ ਵੇਰ ਚਾਲ੍ਹੀਆ ਵੀ ਬੀੜ ਵਿਚ ਹੀ ਹੋਇਆ। ਪੰਜ ਅੱਸੂ ਨੂੰ ਚਾਲ੍ਹੀਏ ਦਾ ਭੋਗ ਪਾਇਆ ਗਿਆ। ਇਸ ਵੇਰ ਦੀਵਾਲੀ ਜਾਂ ਨਨਕਾਣੇ ਸਾਹਿਬ ਦੇ ਮੇਲੇ ਤੇ ਸਤਿਗੁਰੂ ਜੀ ਨੇ ਦਰਸ਼ਨ ਨਹੀਂ ਦਿਤੇ। ਸਗੋਂ ਇੱਥੇ ਬੀੜ ਵਿਚ ਹੀ ਰਹਿ ਕੇ, ਮੱਘਰ ਦੇ ਮਹੀਨੇ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਸੱਤ ਅਖੰਡ ਪਾਠ ਖੋਹਲ ਦਿਤੇ ਗਏ। ਹਰ ਜ਼ਿਲ੍ਹੇ ਵਿਚੋਂ 5-5, 7-7, ਸਰੀਰ ਇਹਨਾਂ ਪਾਠਾਂ ਵਾਸਤੇ ਪੁੱਜੇ ਹੋਏ ਸਨ।

**ਰਾਵਲ ਪਿੰਡੀ ਦਾ ਹੋਲਾ ਸੰਬਤ 1978 ਬਿਕ੍ਰਮੀ**

ਜਦੋਂ ਰਾਵਲਪਿੰਡੀ ਦਾ ਹੋਲਾ ਆਇਆ ਤਾਂ ਸਤਿਗੁਰੂ ਜੀ ਮਾਤਾ ਭੁਪਿੰਦਰ ਕੌਰ ਜੀ ਅਤੇ ਸਵਾ ਕੁ ਸਾਲ ਦੇ ਬਿਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ) ਨੂੰ ਉਥੇ ਬੀੜ ਵਿਚ ਹੀ ਛੱਡ ਗਏ ਕਿਉਂ ਜੁ ਉੱਥੇ ਇਕ ਅਖੰਡ ਪਾਠ ਵੀ ਖੁੱਲ੍ਹਾ ਹੋਇਆ ਸੀ। ਸ੍ਰੀ ਸਤਿਗੁਰੂ ਜੀ ਨੇ ਰਾਵਲਪਿੰਡੀ ਦੇ ਪ੍ਰਸਿੱਧ ਰਈਸ ਸ. ਆਤਮਾ ਸਿੰਘ ਨਾਮਧਾਰੀ ਦੇ ਕਰਵਾਏ ਹੋਲੇ ਸਮੇਂ ਸੰਗਤਾਂ ਨੂੰ ਜਾ ਨਿਵਾਜਿਆ।

**ਹੋਲਾ ਤੇ ਮਸਤਾਂ ਦਾ ਟੋਲਾ**

ਹੋਲੇ ਸਮੇਂ ਇੱਥੇ ਮਸਤਾਂ ਦਾ ਇਕ ਟੋਲਾ ਵੀ ਵਿਚਰ ਰਿਹਾ ਸੀ। ਜਿਸਦੇ ਮੁਖੀ ਸਨ ਮਿਲਖਾ ਸਿੰਘ ਜੀ ਪਿੰਡ ਢੇ (ਸਿਆਲਕੋਟ), ਕੁੰਦਨ ਸਿੰਘ ਜੀ ਪਿੰਡ ਭਾਂਡੇਵਾਲ (ਸਿਆਲਕੋਟ), ਝੰਡਾ ਸਿੰਘ ਜੀ ਪਿੰਡ ਕਿਲ੍ਹਾ ਸੰਤਾਂ ਵਾਲਾ ਤੇ ਫੌਜਾ ਸਿੰਘ ਮੱਕੀ ਵਾਲਾ। ਸ਼ਰੱਈਆਂ ਨੇ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਦੇ ਪਾਸ ਜਾ ਕੇ ਬੇਨਤੀ ਕੀਤੀ ਕਿ ਇਹ ਮਸਤ ਟੋਲਾ ਝੂਠਾ ਹੈ। ਦੀਵਾਨ ਵਿਚ ਐਵੇਂ ਰੌਲਾ ਪਾਉਂਦੇ ਫਿਰਦੇ ਹਨ। ਇਹਨਾਂ ਨੂੰ ਬੰਦ ਕਰਨਾ ਚਾਹੀਦਾ ਹੈ। ਇਸ ਤੇ ਸਤਿਗੁਰੂ ਜੀ ਨੇ ਸੰਤ ਬਹਾਦਰ ਸਿੰਘ ਜੀ ਚੌਰੀ ਬਰਦਾਰ ਕੱਟਿਆਂ ਵਾਲੀਏ ਅਤੇ ਸੂਬਾ ਗੁਰਬਖ਼ਸ਼ ਸਿੰਘ ਜੀ ਚੱਕ ਵਾਲਿਆਂ ਨੂੰ ਭੇਜ ਕੇ, ਘੋੜਿਆ ਵਾਲਿਆਂ ਸਿੰਘਾਂ ਨੂੰ ਹੁਕਮ ਕਰਕੇ ਇਹਨਾਂ ਮਸਤਾਨਿਆਂ ਨੂੰ ਇਕ ਕਮਰੇ ਵਿਚ ਬੰਦ ਕਰਵਾ ਦਿਤਾ। ਮਸਤਾਨਿਆਂ ਨੇ ਉਸੇ ਕਮਰੇ ਦੇ ਵਿਚ ਦੀਵਾਨ ਲਾ ਦਿਤਾ। ਬਹੁਤ ਸਾਰੀ ਸੰਗਤ ਉਸ ਕਮਰੇ ਦੇ ਗਿਰਦੇ ਹੀ ਜਮ੍ਹਾ ਹੋ ਗਈ ਅਤੇ ਸਾਰੀ ਰਾਤ ਉੱਥੇ ਰੰਗ ਬਣਿਆ ਰਿਹਾ। ਸਵੇਰੇ ਆਸਾ ਦੀ ਵਾਰ ਲੱਗੀ। ਸਤਿਗੁਰੂ ਜੀ ਨੇ ਦਰਸ਼ਨ ਦਿਤੇ ਪਰ ਮਸਤਾਨਿਆਂ ਬਿਨਾਂ ਰਸ ਨਾ ਬਣਿਆ। ਮਸਤਾਨੇ ਅੰਦਰੋਂ ਹੀ ਭਾਤੋਂ ਭਾਂਤ ਦੇ ਬੋਲੇ ਬੋਲ ਰਹੇ ਸਨ। ਮਾਤਾ ਜਿਊਣ ਕੌਰ ਜੀ ਨੇ ਆਪ ਜਾ ਕੇ ਮਸਤਾਨਿਆਂ ਦਾ ਇਸ਼ਨਾਨ ਕਰਵਾਇਆ ਅਤੇ ਜਦੋਂ ਲੰਗਰ ਖੁੱਲ੍ਹਿਆ ਤਾਂ ਇਹਨਾਂ ਨੂੰ ਪ੍ਰਸ਼ਾਦਾ ਜਲ ਪਾਣੀ ਵੀ ਛਕਾਇਆ। ਸ਼ਾਮ ਦਾ ਦੀਵਾਨ ਜਦੋਂ ਰਾਗੀਆਂ ਦਾ ਲੱਗਿਆ ਤਾਂ ਉਹ ਵੀ ਇਹਨਾਂ ਮਸਤਾਨਿਆਂ ਬਿਨਾਂ ਸੁੰਵਾ ਸੁੰਵਾ ਭਾਸਦਾ ਰਿਹਾ। ਸਤਿਗੁਰੂ ਜੀ ਨੇ ਸਾਧ ਸੰਗਤ ਵਿਚ ਬਚਨ ਕੀਤਾ, "ਤੁਸੀਂ ਦੱਸਦੇ ਹੋ ਮਸਤਾਨਿਆਂ ਨੂੰ ਕਿ ਇਹ ਖਰੂਦ ਮਚਾਉਂਦੇ ਹਨ, ਪਰ ਮੈਂ ਵੇਖਿਆ ਹੈ ਕਿ ਨਾ ਸਵੇਰੇ ਤੇ ਨਾ ਹੁਣ ਹੀ ਦੀਵਾਨ ਵਿਚ ਕੋਈ ਅਨੰਦ ਆ ਰਿਹਾ।" ਸੁਆਦ ਕਿਸ ਤਰ੍ਹਾਂ ਆ ਸਕਦਾ ਹੈ ਜਦ ਤੱਕ ਮਾਤਾ ਦੀ ਗੋਦ ਵਿਚ ਬਾਲ ਨਾ ਖੇਡੇ। ਮਸਤਾਨੇ ਤਾਂ ਹਜ਼ੂਰ ਦੇ ਪੁੱਤਰ ਸਨ। ਸਤਿਗੁਰੂ ਜੀ ਨੇ ਫੁਰਮਾਇਆ, "ਉਹਨਾਂ ਬਿਨਾਂ ਦੀਵਾਨ ਸ਼ੋਭਾ ਨਹੀਂ ਪਾਏਗਾ। ਜਿਹੜੇ ਉਹਨਾਂ ਨੂੰ ਡੱਕ ਕੇ ਆਏ ਸਨ ਅੰਦਰ, ਉਹਨਾਂ ਨੂੰ ਹੁਕਮ ਦਿਤਾ ਕਿ ਜਾਓ ਜਿਵੇਂ ਵੀ ਉਹ ਆਉਂਦੇ ਹਨ ਉਸ ਤਰ੍ਹਾਂ ਹੀ ਲਿਆਓ ਮਸਤਾਨਿਆਂ ਨੂੰ।" ਸਿੰਘਾਂ ਨੇ ਜਾ ਕੇ ਅਰਜ਼ ਕੀਤੀ ਤਾਂ ਉਹ ਸਤਬਚਨ ਆਖ ਕੇ ਤੁਰ ਪਏ। ਉਸ ਤਰ੍ਹਾਂ ਹੀ ਜਿਵੇਂ ਨੰਗਲ ਦੀ ਢਾਬ ਤੇ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਮਸਤਾਨਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਡਾਂਗਾਂ ਖਾ ਕੇ ਕੋਈ ਰੋਸ ਨਹੀਂ ਸੀ ਕੀਤਾ। ਜਿਉਂ ਹੀ

ਮਸਤਾਨੇ ਦੀਵਾਨ ਵਿਚ ਆਏ ਦੀਵਾਨ ਦੀ ਛਬ ਬਣ ਗਈ। ਦਸ ਯਾਰਾਂ ਵਜੇ ਰਾਤ ਤੱਕ ਦੀਵਾਨ ਲੱਗਾ ਰਿਹਾ, ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਉਹ ਕਿੱਥੇ ਬੈਠਾ ਹੋਇਆ ਹੈ। ਸਾਰੀ ਸੰਗਤ ਵਿਚ ਧੰਨ ਗੁਰੂ ਰਾਮ ਸਿੰਘ ! ਧੰਨ ਗੁਰੂ ਰਾਮ ਸਿੰਘ!! ਦੇ ਆਵਾਜ਼ੇ ਗੂੰਜਦੇ ਰਹੇ।

ਇਸੇ ਹੋਲੇ ਸਮੇਂ ਇਕ ਦਿਨ ਸ਼ਾਮ ਦੇ ਦੀਵਾਨ ਵਿਚ ਅੰਗ੍ਰੇਜ਼ ਡਿਪਟੀ ਕਮਿਸ਼ਨਰ ਵੀ ਆਇਆ ਸੀ। ਸਤਿਗੁਰੂ ਜੀ ਨੇ ਸੰਤ ਭਗਤ ਸਿੰਘ ਦਾਤੇ ਵਾਲਿਆਂ ਨੂੰ ਕਿਹਾ, "ਅੱਜ ਸ਼ਾਮ ਦੇ ਦੀਵਾਨ ਵਿਚ ਡੀ.ਸੀ. ਗੋਰਾ ਆ ਰਿਹਾ ਹੈ। ਥੋਹੜਾ ਜਿਹਾ ਧਿਆਨ ਰੱਖ ਲਿਆ ਜੇ।" ਪਰ ਜਿਉਂ ਹੀ ਡੀ.ਸੀ. ਤੇ ਉਹਦਾ ਅਮਲਾ ਫੈਲਾ ਦੀਵਾਨ ਵਿਚ ਦਾਖ਼ਲ ਹੋਏ ਸੰਤਾਂ ਭਗਤ ਸਿੰਘ ਹੋਰਾਂ ਤੇ ਅਗੰਮੀ ਮਸਤੀ ਦਾ ਆਲਮ ਤਾਰੀ ਹੋ ਗਿਆ ਤੇ ਉਹਨਾਂ ਸ਼ਬਦ ਦੀ ਧਾਰਨਾ ਚੁੱਕ ਲਈ–

"ਭੱਜੇ ਜਾਣ ਫਰੰਗੀ, ਵੱਜੇ ਘੁੰਗਰੂ,
ਦਿਨ ਤਾਂ ਰਹਿ ਗਏ ਥੋਹੜੇ, ਹੁਣ ਕੀ ਵੇਖਨੈਂ।"

ਕੂਕੇ ਉਸ ਮਿਟੀ ਦੇ ਨਹੀਂ ਬਣੇ ਸਨ ਜਿਹੜੇ ਗੋਰਾਸ਼ਾਹੀ ਦੀ ਫੌਜ ਜਾਂ ਪੁਲੀਸ ਵੇਖ ਕੇ ਡਰ ਜਾਂਦੇ। ਇਹਨਾਂ ਦਾ ਜੋਸ਼ ਸਗੋਂ ਅੰਗ੍ਰੇਜ਼ਾਂ ਨੂੰ ਵੇਖ ਕੇ ਦੂਣ ਸਵਾਇਆ ਹੁੰਦਾ ਸੀ। ਜਿਹਨਾਂ ਦੀ ਜ਼ਾਲਮ ਸਰਕਾਰ ਨੇ ਸਿੰਘ ਸ਼ਹੀਦ ਕੀਤੇ ਅਤੇ ਬਾਰ੍ਹਵੇਂ ਸਤਿਗੁਰੂ ਜੀ ਨੂੰ ਪ੍ਰਦੇਸ ਭੇਜਿਆ ਸੀ। ਨਾ ਹੀ ਕੂਕੇ ਉਹਨਾਂ ਸਰਕਾਰ ਭਗਤ ਸਿੱਖਾਂ ਵਿੱਚੋਂ ਸਨ ਜਿਹੜੇ ਦੋਵੇਂ ਵੇਲੇ ਗੁਰਦੁਆਰਿਆਂ ਵਿਚ ਅਰਦਾਸੇ ਤੋਂ ਬਾਦ "ਜੁਗ ਜੁਗ ਰਾਜ ਸਵਾਇਆ, ਟੋਪੀ ਵਾਲੇ ਦਾ।" ਦੀ ਧਾਰਨਾ ਪੜ੍ਹਿਆ ਕਰਦੇ ਸਨ।

**ਵਖਰੇਵੇਂ ਦਾ ਮੁੱਢ**

ਹੋਲੇ ਦਾ ਭੋਗ ਪੈ ਗਿਆ। ਸਾਰੀ ਸਾਧ ਸੰਗਤ ਨਾਲ ਸਤਿਗੁਰੂ ਜੀ ਨੇ ਵੀਚਾਰਾਂ ਕੀਤੀਆਂ। ਜਿਹੜੇ ਸੱਜਣ, ਰਾਮ ਵਿਓਗੀ ਸਤਿਗੁਰੂ ਜੀ ਦੀ ਮਸਤ ਬ੍ਰਿਤੀ ਅਤੇ ਅਖੰਡ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਜਾਰੀ ਰੱਖਣ ਦੀ ਨੀਤੀ ਨੂੰ ਚੰਗਾ ਨਹੀਂ ਸਮਝਦੇ ਸਨ ਅਤੇ ਨਿਰੋਲ ਸਿਆਸੀ ਤੌਰ ਤੇ ਚਲਣਾ ਚਾਹੁੰਦੇ ਸਨ, ਉਹਨਾਂ ਸਤਿਗੁਰੂ ਜੀ ਨਾਲ ਕਈ ਬਚਨ ਵੱਧ ਘੱਟ ਵੀ ਕੀਤੇ। ਜਿਸ ਦੀ ਨਰਾਜ਼ਗੀ ਮਨ ਵਿਚ ਆਉਣ ਕਰਕੇ ਹਜ਼ੂਰ ਆਪਣੇ ਸਾਥੀਆਂ ਸਮੇਤ ਰਾਵਲਪਿੰਡੀ ਸਟੇਸ਼ਨ ਤੇ ਚੁੱਪ ਚਾਪ ਚਲੇ ਗਏ। ਵਿਰੋਧੀ ਸੁਰ ਵਾਲੇ ਸੱਜਣਾਂ ਦੇ ਨਾਮ ਸਨ, ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਹਰਨਾਮ ਸਿੰਘ ਜੀ ਕਿਲੇ ਵਾਲੇ, ਅਣਖਾ ਸਿੰਘ ਜੀ ਦਾਤੇਵਾਲ, ਸੰਤ ਟਹਿਲ ਸਿੰਘ ਸੱਦੋਵਾਲ, ਸੰਤ ਨਿਧਾਨ ਸਿੰਘ ਜੀ ਆਲਿਮ, ਸੁਦਾਗਰ ਸਿੰਘ ਕੱਕੇ ਕਿਆਂ ਵਾਲਾ, ਪੰਡਿਤ ਬਸੰਤ ਸਿੰਘ, ਦੇਵਾ ਸਿੰਘ ਤਤਲਿਆਂ ਵਾਲਾ, ਮੰਗਲ ਸਿੰਘ 'ਭੂਤਨਾ' (ਅਰਸ਼ੀ ਫ਼ਰਿਸ਼ਤਾ)। ਇਹ ਅਰਸ਼ੀ ਫਰਿਸ਼ਤਾ ਜੀ ਦੋਹਾਂ ਪਾਸਿਆਂ ਨਾਲ ਹੀ ਸਹਿਮਤ ਸਨ। ਕੁਝ ਹੋਰ ਵੀ ਇਹਨਾਂ ਦੇ ਸਾਥੀ ਸਨ ਦਸਾਂ ਦੇ। ਜਿਹੜੇ ਸਤਿਗੁਰਾਂ ਦੇ ਪਾਸੇ ਵੱਲ ਸਨ ਉਹ ਸਨ: ਸੰਤ ਭਗਤ ਸਿੰਘ ਜੀ ਦਾਤੇਵਾਲ, ਸੰਤ ਆਲਾ ਸਿੰਘ ਵਰਨ, ਸੰਤ ਬੰਤਾ ਸਿੰਘ ਜੀ ਬੂੜੇ ਡਲੀਏ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਅਰੂੜ ਸਿੰਘ ਜੀ ਤੇ ਸੰਤ ਜਵੰਦ ਸਿੰਘ ਜੀ ਖਿਆਲਾ। ਹੋਰ ਸਭ ਸੂਬਿਆਂ ਖ਼ਾਸ ਕਰ ਮਾਲਵੇ ਦੇ ਸੂਬਿਆਂ, ਜਥੇਦਾਰਾਂ, ਚਾਰਕਾਂ ਅਤੇ ਬਾਕੀ ਸਾਰੀ ਸੰਗਤ ਦੀ ਇਹ ਰਾਇ ਸੀ ਕਿ ਵਧ ਤੋਂ ਵੱਧ ਅਖੰਡ ਪਾਠ ਦਰਸ਼ਨਾਂ ਨਮਿਤ ਕੀਤੇ ਜਾਣ ਤਾਂਕਿ ਮਹਾਂ ਮਲੇਛ ਦਾ ਨਾਸ ਹੋਵੇ ਅਤੇ ਕਲੂ ਕਾਲ ਦਾ ਬੋਲ ਬਾਲਾ ਘਟ ਕੇ, ਬੰਦੀ ਖ਼ਾਨੇ ਵਿਚ ਪਿਆਂ ਦੇਸ਼ ਭਗਤਾਂ ਦੀ ਬੰਦ ਖਲਾਸ ਹੋਵੇ। ਅਸੀਂ ਜੋ ਘੋੜਿਆਂ ਅਤੇ ਊਠਾਂ ਵਾਲੇ ਸਿੰਘ ਸਾਂ, ਸਾਨੂੰ ਪਤਾ ਨਹੀਂ ਸੀ ਕਿ ਕੀ ਕਸ਼ਮਕਸ਼ ਚੱਲ ਰਹੀ ਹੈ ਅਤੇ ਕੀ ਮਾਜਰਾ ਹੈ, ਨਾ ਹੀ ਸਤਿਗੁਰਾਂ ਦੇ ਨਾਲ ਦਾ ਕੋਈ ਸਿੰਘ ਸਟੇਸ਼ਨ ਤੇ ਸਾਨੂੰ ਮਿਲਿਆ ਜਿਸ ਟਿਕਟਾਂ ਲੈ ਕੇ ਦੇਣੀਆਂ ਸਨ। ਵੈਸੇ ਖ਼ਜ਼ਾਨਾ ਗੁਰੂ ਜੀ ਗਰਮੀ ਵਿਚ ਉਥੇ ਡੇਰੇ ਹੀ ਛੱਡ ਆਏ ਸਨ। ਸੋ ਗੱਡੀ ਚੱਲਣ ਲਗੀ ਤਾਂ ਇਹ ਸਾਰੇ ਸਿੰਘ ਬੇਟਿਕਟੇ ਹੀ ਸੁਆਰ ਹੋ ਗਏ। ਜਿਸ ਵੇਲੇ ਗੱਡੀ ਵਜ਼ੀਰਾਬਾਦ ਆ ਗਈ ਤਾਂ ਇਕ ਸਿੰਘ ਨੇ ਸਟੇਸ਼ਨ ਤੇ ਆ ਕੇ ਮੱਥਾ ਟੇਕ ਕੇ ਅਰਜ਼ ਕੀਤੀ ਕਿ ਸਚੇ ਪਾਤਸ਼ਾਹ ਕੋਈ ਸੇਵਾ ਬਖਸ਼ੋ। ਆਪ ਨੇ ਹੁਕਮ ਕੀਤਾ ਕਿ ਮੇਰੇ ਨਾਲ ਦੇ ਸਿੰਘ ਬੇਟਿਕਟੇ ਹਨ। ਉਹਨੇ ਊਠਾਂ ਘੋੜਿਆਂ ਵਾਲਿਆਂ, ਲਾਂਗਰੀਆਂ ਤੇ ਹੋਰ ਹਜ਼ੂਰੀ ਜਥੇ ਦੇ ਸਿੰਘਾਂ ਨੂੰ ਸ਼ੇਖੂਪੁਰਾ ਬਗਦਾਦ ਦੇ ਲਾਗੇ ਇਕ ਸਟੇਸ਼ਨ ਸੀ, ਉਥੋਂ ਦੀਆਂ ਟਿਕਟਾਂ ਲੈ ਦਿਤੀਆਂ। ਸੰਗਤ ਉਥੇ ਉਤਰ ਗਈ। ਬਾਕੀ ਸੰਗਤ ਵੀ ਸਾਰੀ ਸ਼ੇਖੂਪੁਰ ਬਗਦਾਦ ਆ ਰਲੀ। ਗੁਜਰਾਂ ਵਾਲਾ, ਸ਼ੇਖੂਪੁਰਾ, ਲਾਹੌਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦਾ ਦੌਰਾ ਕਰਕੇ, ਸ੍ਰੀ ਅੰਮ੍ਰਿਤਸਰ ਦੀ ਵੈਸਾਖੀ ਤੇ ਸੰਗਤਾ ਨੂੰ ਦਰਸ਼ਨ ਦੇ ਕੇ, ਦੋ ਵੈਸਾਖ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਗਏ।

**ਚਲਦਾ...**

# The Namdhari Contribution to India's Freedom Struggle

The Indian freedom struggle witnessed contributions from a vast spectrum of communities and movements. Among them, the Namdhari Sikhs, often referred to as Kukas, played a distinct and impactful role rooted in religious revivalism, social reform, and early resistance to British colonialism. Their movement, spearheaded by Satguru Ram Singh, laid the groundwork for Swadeshi, non-cooperation, and national awakening, much before these became mainstream strategies in the national movement.

**Origins of the Namdhari Movement**

The Namdhari movement was initiated by Baba Balak Singh (1785–1862), who revived the Sikh tradition of monotheism, emphasized NaamSimran (meditation on God's name), and introduced Anand Karaj (reformist Sikh marriage). However, it was Satguru Ram Singh (1816–1885) who transformed this spiritual mission into a force of socio-political activism. A devout follower of Sikh tenets, Ram Singh aimed to revive the Khalsa ideals, promote internal discipline, and ultimately liberate the country from British rule.

On Baisakhi 1857, coinciding with the Indian uprising, he formed the Sant Khalsa, initiating members with Khande-di-Pahul (Amrit). He established a network of Subas (regional deputies) to spread the movement throughout Punjab. His emphasis on spiritual purity, vegetarianism, truthfulness, and social reform created a disciplined cadre of followers who were deeply devoted to their Guru and the mission of national regeneration.

**Early Resistance Against British Rule**

Ram Singh's Namdhari movement posed one of the earliest organized threats to British colonial authority. The British perceived the movement's activities—its alternative governance, parallel justice systems, boycott of colonial institutions, and internal military training—as subversive. Ram Singh's instructions to his followers were radical for their time: do not use British goods, do not attend British schools, avoid colonial courts, and do not work in British offices. These were pioneering principles that predated Mahatma Gandhi's Swadeshi and Non-Cooperation strategies by decades.

Ram Singh even attempted diplomatic outreach to Nepal and Russia for support against British rule and established a Kuka regiment in Kashmir under Hira Singh. Although ultimately unsuccessful, these attempts underscore the movement's political foresight and its desire for an armed revolution.

**The 1872 Malerkotla Incident and British Repression**

The most striking confrontation occurred when the British allowed cow slaughter and beef trading in Punjab, including in religious cities like Amritsar. Deeply offended, Namdhari followers launched a series of raids on Muslim butchers, particularly in Malerkotla, killing several. In

response, the British executed 66 Namdhari prisoners by blowing them from cannons—a brutal act aimed at crushing the movement. Satguru Ram Singh was exiled to Burma, where he remained under surveillance until his death.

Despite this state repression, the Kukas did not retreat. They continued to circulate SauSakhis (prophesies) predicting British downfall and the return of Ram Singh to establish Khalsa Raj. The Kukas also supported the cause of Maharaja Duleep Singh, the exiled last Sikh ruler of Punjab, believing his return would ignite Sikh sovereignty.

**Recognition by Indian Nationalists**

By the 20th century, Indian nationalists began to recognize the Namdhari legacy. Bhagat Singh acknowledged the anti-imperialist inspiration of the Kukas. Jawaharlal Nehru and Dr.Rajendra Prasad paid tribute to Satguru Ram Singh, calling him one of the early patriots of India's freedom movement. Namdhari ideals of self-reliance, moral discipline, and non-cooperation were now celebrated as foundational steps towards national liberation.

**Integration with National Movements**

Under Satguru Partap Singh (1906 –1959), the Namdharis became actively involved in the mainstream Indian National Congress movements. They participated in the Non-Cooperation Movement (1920), Civil Disobedience Movement (1930), and were present at key Congress sessions, including the historic Lahore Session of 1929. Namdhari women, including Mata Jiwan Kaur, contributed by running community kitchens at political gatherings.

The Namdhari organization also formed the Kuka Congress Dal, aligning its grassroots workers with the larger freedom struggle. Leaders like MaharajNihal Singh and SantNidhan Singh Alam courted arrest while enforcing Gandhian programmes in Punjab.

**Social Reforms and Parallel Governance**

Even as they fought colonial rule, the Namdharis launched a sweeping campaign of social reforms. Satguru Ram Singh banned dowry, female infanticide, child marriage, intoxicants, and emphasized mass marriages to reduce social costs. A parallel judicial and administrative system was developed, complete with Subas, NaibSubas, Jathedars, and Panchayats, delivering justice based on Khalsa ideals.

Namdhari missionaries, including ragis (singers) and dhadis (ballad singers), spread the movement's message across villages. Their vibrant style of reciting Gurbani and singing heroic tales cultivated both spiritual fervor and political awareness.

Hindu-Namdhari Relations and Cultural Strategy

After being ostracized by dominant Sikh institutions, especially following the 1925 Sikh Gurdwara Act, Namdhari leadership sought cultural alliance with Hindu nationalist organisations like AryaSamaj and Hindu Mahasabha. Influential thinkers like Inder Singh Chakarvarti interpreted Sikh Gurus as avatars in the Vedic tradition, positioning the Namdhari movement within the broader Hindu fold to gain social and political support.

Leaders such as Bhai Parmanand and

Swami SwatantraNand praised the Kukas for pioneering the non-cooperation movement and promoting Swadeshi decades before Gandhi. While this Hindu alignment caused friction with mainstream Sikh identity politics, it enabled the Namdharis to maintain national relevance.

**Post-Independence Legacy**

In independent India, Namdharis continued to influence national discourse. Under SatguruJagjit Singh, they promoted national unity, supported Congress policies, and engaged in rehabilitation efforts for refugees post-Partition, especially in Sirsa (Haryana) where they established Sri Jiwan Nagar.

They opposed violent extremism during the Khalistan insurgency and stood by the Indian Constitution. Despite being targeted by terrorists for their belief in a Deh-Dhari Guru (living guru), they upheld the principles of peace, pluralism, and national harmony.

**Conclusion**

The Namdhari Sikhs, through the Kuka Movement, made an unparalleled contribution to India's freedom struggle. They were among the first to articulate indigenous resistance to British rule, promote Swadeshi, and establish a disciplined socio-political cadre grounded in Sikh ethics and spiritual discipline. Their legacy remains an essential chapter in the history of India's march toward independence—a legacy of courage, reform, and unwavering faith in the power of righteous resistance.

..........................................................



ਜਾਇਆ ਹੋਣ ਵਾਲੇ ਪਾਣੀ ਦੀ ਕੀਮਤ ਵੱਖਰੀ ਹੈ।

**ਮਸਲੇ ਦੇ ਹੱਲ ਲਈ ਕੁਝ ਸੁਝਾਅ**

-ਡੈਮ ਅਪ੍ਰੇਸ਼ਨ ਹੋਰ ਸੁਚਾਰੂ ਅਤੇ ਕੁਸ਼ਲ ਕੀਤੇ ਜਾਣ। ਅੱਜ ਕੱਲ੍ਹ ਮੌਸਮ ਸਬੰਧੀ ਹਾਲਾਤ ਦਾ ਅਗਾਊਂ ਪਤਾ ਲੱਗਣ ਦੇ ਮੱਦੇਨਜ਼ਰ ਹੀ ਡੈਮਾਂ ਵਿੱਚ ਪਾਣੀ ਸਟੋਰ ਕਰਨਾ ਚਾਹੀਦਾ ਹੈ।

ਪੰਜਾਬ ਆਪਣੇ ਹਿੱਸੇ ਦਾ ਪਾਣੀ ਵਰਤਣ ਲਈ ਲੋੜੀਂਦੇ ਪ੍ਰਬੰਧ ਕਰੇ। ਸਰਕਾਰ ਨਹਿਰਾਂ, ਸੂਇਆਂ, ਕੱਸੀਆਂ, ਮੋਘਿਆਂ ਆਦਿ 'ਤੇ ਰੀਚਾਰਜਿੰਗ ਪੁਆਇੰਟ ਲਗਾਏ ਤਾਂ ਕਿ ਜਦੋਂ ਫਸਲਾਂ ਨੂੰ ਪਾਣੀ ਦੀ ਲੋੜ ਨਾ ਹੋਵੇ ਤੇ ਡੈਮ ਖਾਲੀ ਕਰਨੇ ਹੋਣ ਤਾਂ ਇਨ੍ਹਾਂ ਪੁਆਇੰਟਾਂ ਰਾਹੀਂ ਧਰਤੀ ਦਾ ਪਾਣੀ ਰੀਚਾਰਜ ਕੀਤਾ ਜਾ ਸਕੇ। ਇਉਂ ਬਿਜਲੀ ਦੀ ਪੈਦਾਵਾਰ ਵੀ ਵਧੇਗੀ। ਇਸੇ ਤਰ੍ਹਾਂ 100% ਘਰੇਲੂ, ਉਦਯੋਗਿਕ ਅਤੇ ਖੇਤੀ ਰਕਬੇ ਦੀ' ਸਿੰਜਾਈ ਲਈ ਬੁਨਿਆਦੀ ਢਾਂਚਾ ਉਸਾਰਿਆ ਜਾਵੇ। ਇਉਂ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਹੋਵੇਗਾ ਅਤੇ ਬਿਜਲੀ 'ਤੇ ਸਬਸਿਡੀ ਵੀ ਘਟੇਗੀ।

-ਸਮੇਂ ਸਿਰ ਨਹਿਰਾਂ, ਡਰੇਨਾਂ, ਨਾਲਿਆਂ, ਦਰਿਆਵਾਂ ਆਦਿ ਦੀ ਸਫਾਈ ਕੀਤੀ ਜਾਵੇ। ਦਰਿਆਵਾਂ ਦੇ ਬੰਨ੍ਹ, ਖਾਸ ਕਰ ਕੇ ਧੁੱਸੀ ਬੰਨ੍ਹ ਆਧੁਨਿਕ ਤਕਨੀਕਾਂ ਰਾਹੀਂ ਤਕੜੇ ਕੀਤੇ ਜਾਣ।

-ਕਿਸਾਨ ਟਿਊਬਵੈੱਲ ਦਾ ਸੁੱਖ ਛੱਡਣ। ਫ਼ਸਲਾਂ ਲਈ ਨਹਿਰੀ ਪਾਣੀ ਵੱਧ ਤੋਂ ਵੱਧ ਵਰਤਣ। ਸਰਕਾਰ ਮੋਘਿਆਂ ਦੀ ਸਮਰੱਥਾ' ਵਧਾਵੇ ਤਾਂ ਕਿ ਇੱਕ ਏਕੜ ਸਿੰਜਣ ਲਈ ਜੋ ਸਮਾਂ ਦਿੱਤਾ' ਜਾਂਦਾ ਹੈ, ਉਸ ਸਮੇਂ ਵਿੱਚ ਪੂਰਾ ਏਕੜ ਸਿੰਜਿਆ ਜਾ ਸਕੇ।

-ਕੁਦਰਤੀ ਸਰੋਤਾਂ ਦੀ ਗ਼ੈਰ-ਜ਼ਿੰਮੇਵਾਰਾਨਾ ਵਰਤੋਂ ਅਤੇ ਕੁਦਰਤ ਦੇ ਉਲਟ ਜਾਣ ਦੀ ਮਾਨਸਿਕਤਾ ਦਾ ਤਿਆਗ' ਕੀਤਾ ਜਾਵੇ। ਪਾਣੀਆਂ ਦੇ ਵਹਾਅ ਲਈ ਜਲ ਵਿਗਿਆਨ ਦੀ ਵਰਤੋਂ ਕੀਤੀ ਜਾਵੇ।

-ਪੰਜਾਬ ਸਰਕਾਰ ਮਾਹਿਰਾਂ ਦੀ ਕਮੇਟੀ ਬਣਾ ਕੇ, ਸਾਰੀਆਂ ਧਿਰਾਂ ਤੋਂ ਮਸ਼ਵਰੇ ਲੈ ਕੇ ਹੜ੍ਹਾਂ ਦੇ ਕਾਰਨਾਂ ਅਤੇ ਇਸ ਦੇ ਪੱਕੇ ਹੱਲ ਲਈ ਰਿਪੋਰਟ ਤਿਆਰ ਕਰਵਾਏ। ਰਿਪੋਰਟ ਅਨੁਸਾਰ ਦਿੱਤੇ ਸੁਝਾਵਾਂ 'ਤੇ ਤੈਅ ਸਮੇਂ ਅੰਦਰ ਗੌਰ ਕੀਤੀ ਜਾਵੇ।

**ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ**

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

The four Umritsur men took the road and went right through the town of Raikote, to a *keekur* tree on the road from Raikote to Jullaldeewal and Cheeneewal, where they were met by Dull Sing, who had come round through the jungle with the swords. They then hid the swords in the furrows of a field and dispersed a little to escape observation. Dull Sing says he went off to Boparai and waited till dusk when he went into Umur Sing's house. During the afternoon a constable returning from Cheeneewal to Raikote saw four Kookas by a tank looking so excited, and singing and shaking their bare heads, that he was frightened, hid his sword under his arm and passed by at a distance. He does not recognize Golab Sing as one of the 4, nor yet the other accused.

I return to Dull Sing. Umur Sing went out to bathe, and Dull Sing states returned with the news that the Pitokee men had arrived. At all events, by the admission of Umur Siugh the four swords were taken out with some food to a party of 5 men at an outlying well. Umur Sing says he saw they were Kookas, and that Dull Sing told him 3 were Pitokee men and 2 Manja Sikhs. Dull Sing says the 3 Pitokee men were the three accused, Mustan Sing, Goormookh Sing and Mungul Sing. The 2 Manja men were Beer Sing and Bhugwan Sing who had come up. It is necessary here to trace the Pitokee men up to this point. From the evidence of Khuzan Sing and Mussumat Ram Kour it is proved, and the accused admit, that they arrived (according to Khuzan Sing shortly after sunrise, according to them about 11 a. m.), at Khuzan Sing's Tukeya, had their dinner at Ram Kour's, and left shortly before sunset. Mussumat Ram Kour and Khuzan Sing say that Ruttan Sing was with them and before the Magistrate Mungul Sing admitted that he saw a man whom he was told was Ruttun Sing at the Tukeya, but before this court they do not mention Ruttun Sing. To return to the well near Boparai - Umur Sing took the dishes and returned home. Dull Sing states that he and his 5 companions went to the *keekur* tree and called Golab Sing, and Luchmun Sing answered and came up; they then divided some goor. Beer Sing had in his *pugree*, washed their hands in sand and went on. The party now numbered 8. A little further on they took off their superfluous clothes and shoes and went on, down the Jullaldeewal and

Raikote road crossed the fields near two wells into the Dudhoor and Raikote road, which is a hollow lane, then full of water, and runs end on against the butchers' houses. They here agreed that if they were heard going through the water, they should say they were camel men. They then went through the water, saw a number of people on charpoys in front of the houses, and set on them.

Dull Sing states he hit something, man, woman or child, twice, got frightened and went back and stood by the water. There was now an outcry and they all ran off through the water up the lane, across the fields, but at this side of the walls into the Jullaldeewal road, picked up and put on their shoes and they found Ruttun Sing waiting for them with his camel under some trees. Somewhat beyond the Pitokee men left them going through the jungle, two of them giving Dull Sing their swords, Mungul Sing keeping his. At a *peepul* tree further on Beer Sing, Golab Singh and Luchmen Sing gave their swords to him and kept on right through Cheeneewal. He, Ruttun Sing and Bhugwan Sing stopped to drink and get rid of their swords at Khuzan Sing's Takeya, Ruttun Sing giving two, and Bhugwan Sing one sword, to Khuzan Sing. Khuzan Sing's story differs considerably from this. He says it was the three Pitokee men who were with Ruttun Sing, but as it was pitch dark, blowing a dust storm, and Rattan Sing was the only one who spoke, and he is himself a stupid old fellow, and must have been greatly frightened; and, moreover, denies Dull Sing's presence, of which there can be no doubt, I believe he has no distinct recollection of the matter beyond having had 3 swords to bury, two of which he placed under the thorn hedge round his *Tukeya*, and the third out in the sand heaps. Dull Sing having given back Ram Sing his sword, took the rest to his house, and on the trackers coming to the village buried the swords under the stack, where they were eventually found.

To return to the scene of the murders. The butchers' huts, which were placed there by Mr. Ricketts sometime in 1856, stand by themselves some 200 yards from the town wall, and still more from the nearest gate; the Thanah must be a quarter of a mile off. I have been all over the ground and seen the tracks as far as the *keekur* trees. On the night in question, several Goojurs, male and female, were guests of the two butcher families; one of the butchers was absent in Loodiana appealing against an order of the Tehsildar fining him for throwing carcasses into the pool near the house, but I do not think there was any serious grievance between them and the Khutrees of Raikote. Runga, Mussamat Noree, and Nabbia, were on the roofs of the houses, the rest on charpoys below. Those above named state they were roused about 11 P. M., by the noise of blows, flash of swords, screams, &c. ; they jumped down, and the two latter ran screaming off to the Thanah, being met on the road by the Duffadar of Chowkeedars, who was prompt in his succour: when they got back to the spotthe assailants were gone. A clever native Hakeem, Alia, was soon on the spot. He deposes that Dussondee

and Mussamat Bussan died almost immediately and Ranja, aged 4years, died on the 4th day and that six others, were most severely wounded, losing arms, fingers and toes. One was wounded in 10, another in 13, places. All the wounds, except three, which seemed to have been done with a square-headed wood axe, were caused by sword cuts.

The night was so stormy that it was impossible to go after the murderers at that time. Next morning two trackers, Bhanga Singh and Bhoopa, were started on the tracks, which were clearly those of 8 men without shoes, for some distance along the Jullaldeewal road to a point where 7 of them put on their shoes. At Jullaldeewal they made a circuit to avoid the village, and among the sand hills two tracks were lost, the remainder ran on to Cheeneewal, and were lost within 20 paces of Khuzan Sing's *Tukeya*. Owing to the wind storm which was still going on, and the sandy broken nature of the ground the tracking beyond Jullaldeewal seems to have been most difficult; and when the trackers say that six tracks were carried up to Cheeneewal they may well be mistaken in one, or two, as they only picked up a footstep they recognized now and again. The trackers have since compared the foot-prints of the 4 accused with the tracks close to the spot, and swear that 4 of the tracks are those of accused. Dull Sing's being that which went without shoes the whole way.

Enquiries were verbally made from Khuzan Sing, who first said that three Kookas had passed his *Tukeya* towards Raikote, then said they belonged to Pitokee, then gave their names and showed where the swords were hid. 1, 2 and 3 the Pitokee men were then seized, and Khuzan Sing gave information regarding Dull Sing, who was seized, brought before the Magistrate at Bussian, and then sent back to point out where he had hid the six swords. This he did in the presence of Faiz Ali Khan and other witnesses, who swear to there being blood on three swords, quite fresh, with sand sticking to it; they found also a small piece of skin or flesh on one of the sword handles, a *chudder* with pieces torn out and marks that look like washed out blood, also a *koorta* with one suspicious mark on it, also an axe handle, were found in Goormookh Sing's house at Pitokee. But I place little weight on the two latter. After producing the swords Dull Sing made his confession. Golab Sing was seized at his village Choor Chuch on the 23rd on Dull Sing's information.

The defence of the three Pitokee men is the same. They say they left their village making for Bhainee the third day, have no witnesses of that part of their journey, stayed at Bhainee, till the third day seeing the Gooroo and his Soobhas. Both Gooroo and Soobhas deny having seen them at all of late. One of the accused, Mungul Sing, says he consulted the Gooroo about drowning his rich son, a fact the Gooroo would not fail to have remembered. Leaving Bhainee in the afternoon they reached Banpoor and slept there; next morning, or rather shortly after midnight, they marched right through to Cheeneewal, arriving at 11 A.

M., spend the day at Khuzan Sing's *Tukeya*, eating at Mussamut Ram kour's, start again at sunset, and spend that night in the jungle near Raisin, where they had Kooka friends, instead of going into the village, and reached their own village they say shortly after sunrise, and do not see any one until about 10 A. M. Their stories vary in many particulars, moreover they named no witnesses before the Magistrate though duly asked if they wished to do so. At the close of the case Goormookh Sing was asked if he wished the two witnesses he had lately named sent for and said "what is the use." Mangal Sing has named two witnesses at the last moment, both Kookas, but he wants them to prove that he had been to Bhainee, which is quite immaterial to the case, and as neither of them saw him till 10 A. M., if then, that, if admitted, would not prove an alibi, which in fact was not what he thought of proving. I have therefore not thought it necessary to delay the case 3 days more. The distance from Raikote to Pitokee is not above 34 miles, and could easily be done between 11A. M. and 8 P. M. at 4 miles an hour.

To consider their whole story then it is clear that their going to Bhainee or not is immaterial. I do not believe that they did, but it is sufficient that they admit staying the whole day before the murder at Cheeneewal, and are fed by the wife of one of the murderers, that they leave the village at a suitable time to commit the murder, and not at the time travellers would have started, and then pass the night in the jungle close to village, the night being a most tempestuous one. Their defence has therefore entirely failed.

The evidence against them is the direct statement of Dull Sing, corroborated to a great extent by his wife, by Bhugwan Sing, and again in an indirect manner by Umur Sing, and lastly by the evidence of the trackers, which I consider of considerable weight, as though the last part of the journey was in bad soil, that near the butchers' huts where the tracks were of naked feet was favourable, being either hardening mud or smooth cultivated ground.

The marks on the *chuddur* have not been proved to be blood but the fact of the way in which it has been freshly torn into holes is most suspicious.

I have no hesitation in finding Mustan Sing, Goormookh Sing and Mungul Sing, guilty of the offence charged.

With regard to Golab Sing, his defence is that he was at Bhainee at the time of the murder. The evidence of his Gooroo is distinctly against this, his assertion of borrowing Rs. 5 from Gopal Sing is disproved by the latter. In fact, he is quite unable to account for himself at the time of the murder.

The evidence against Golab Sing is the direct evidence of Dull Sing supported by that of his wife, Ram Kour. The evidence of Jaggut Sing, Uttur Sing, Goormookh Sing and Boota Ram, proves clearly that he was going about with the armed party of murderers the day preceding and the day of the murder. His foot-prints are also sworn to by the trackers. (I should mention that Bhunga Sing, tracker, shut up in a room by the Magistrate while some

ground was prepared, and the 4 accused marched across it, and that the tracker was able to name each foot-print without the least hesitation.)

The evidence against Golab Sing I consider most conclusive, and find him guilty of the offence charged.

I sentence the accused Mustan Sing, Goormookh Sing, Mungul Sing and Golab Sing, to be hanged by the neck till they are dead, subject to the confirmation of the Chief Court.

BOULNOIS, J.-At a Court of Sessions held at Bussian, near Raikote, in Loodiana, for the District of Loodiana, by Mr. J. W. McNabb, Sessions Judge of the Ambala Division, on the 27th day of July 1871, with the aid of four Assessors, the Court, concurring with the Assessors, found the prisoners guilty of the charge, and sentenced them to death, subject to the confirmation of the Chief Court, for which the proceedings have now been forwarded.

In the outskirts of the large village or qusbah of Raikote, a hamlet of butchers' huts has existed since 1856, where they were allowed to be erected, as the evidence shows, by the District Officer of that day. The position of the huts is shown on the accompanying plan taken from the file of the Sessions Judge and exhibiting the names in English.

For some time past, according to the evidence, some feeling has been shown against the persons engaged in the trade of beef butchers at Raikote (see the evidence of Dull Sing, No. IV, as to what occurred at the meetings and at the Kotha Mela, also that of Ranja, No. 1).

Intimation is said to have been given to the butchers of the hamlet that they had better close their business, sometime before the murder, and threatening language held. -See Ranja No. I.

Moreover, Buta, one of the butchers, had been recently fined 10 rupees upon a charge of throwing a carcass into a pond near the slaughter house, whereas according to Ranja the charge was false, and the bones of cattle were either burned or buried on the butchers' premises. But whether the above details are true or not, the following general facts are plain:

On the night of the 16th July two persons, who were passing the night as guests with the butchers, viz., Dussoundhi Gujur, and Mussummat Bussan, his wife, were killed by blows of sharp instruments, inflicting incised wounds some eight or ten inches long, and so severe as to cause death in both cases (within a few minutes, if not) instantaneously; as to this the evidence of Alia, the barber, and the Sub-Assistant Surgeon, are not quite in accord, but the difference is not material.

At the same time, Howrie, a woman of about 40 years; Bunia, a girl of 8 or 9; Rangha, a boy of 3 years, an infant three weeks old; Huku a man of 30; in all about 10 persons, were cut and gashed with incised wounds in all directions. -See the evidence of Sub-Assistant Surgeon H. C. Banerjee.

The evidence of several witnesses (I, II, III,) establishes that a sudden attack was made

by a party of men upon the hamlet about 11 P. M. The night was dark and tempestuous. None of them could be identified and several of the butchers who were sleeping on the roofs of the huts, and out of the way of the assailants, jumping down, ran towards the Thana. The Duffadar of Chowkidars, Ahmed Khan, who was then on his rounds, having heard cries from the direction of the butchers' huts, ran quickly to the spot, whence the murderers had then gone. Torches were fetched, but were useless on account of the storm. A village surgeon, Alia, witness VII, began dressing the wounds; and investigation, on account of the weather, being useless that night, tracking was commenced in the morning. (Bhunga Singh, XVIII, and Bhupa, XIX.)

The sole question in this case is whether the investigation which then began has resulted in the conviction of the real offenders, for the main portion of the evidence is given by Dull Sing under a conditional pardon sec. (209) to which he was admitted after his arrest, which was brought about in the following way :-

Starting from the end of a lane leading down upon the butchers' hamlet, the trackers traced the foot-marks of eight men to the *Tukeya* of Khuzan Sing. Khuzan Sing in the presence of Mukul Hoosein, a Thanadar belonging to Putiala, witness VI, and Manum Khan, VII, a Lumberdar of Dhunner, also a Putiala subject, produced three swords, and named three men of Pitokee, besides Dull Sing of Cheeneewal, and Ruttun Sing of Naiwalla, as the actual perpetrators. Dull Sing was then arrested, and commenced a series of admissions which have ended in his giving his evidence under conditional pardon. Dull Sing showed the Police where more swords were concealed. According to the evidence of Manum Khan these swords were bloody. Khuzan Sing, witness 13 for prosecution, admitted that the accused were at his house a few hours before, and also a short time after the murder.

He states that they informed him that they had done their work, and, as the Sessions Judge observes, this witness seems to have known of the intended murder and of its perpetration.

**to be continued**

## ਵੀਹ ਸਾਲ ਦੀ ਇਕਾਂਤ ਸਾਧਨਾ

ਤਾਂ ਤੇ ਤੁਮ ਹਮ ਕੇ ਮੁਖ ਨ ਦਿਖਲਾਵੇ।
ਜਿਹ ਦਿਸ ਖੜੇ ਤਹ ਹੀ ਚਲ ਜਾਵੇ।
ਮਹਿਮਾ ਪ੍ਰਕਾਸ਼, ੬੮੬

ਰਾਮਰਾਇ ਜੀ ਲਾਹੌਰ ਵਲ ਮੂੰਹ ਕਰੀ ਖੜੇ ਸਨ, ਉਹ ਲਾਹੌਰ ਨੂੰ ਚਲੇ ਗਏ। ਅੱਗੇ ਲਾਹੌਰ ਦੀਆਂ ਸੰਗਤਾਂ ਨੂੰ ਗੁਰੂ ਸਾਹਿਬ ਦਾ ਹੁਕਮ ਪਹੁੰਚ ਚੁਕਾ ਸੀ ਦੇਣੀ। ਰਾਮਰਾਇ ਨੂੰ ਲਾਹੌਰ ਦੇ ਸਿੱਖਾਂ ਕਿ ਰਾਮਰਾਇ ਨੂੰ ਕੋਈ ਕੌਡੀ ਦਮੜੀ ਨਾ ਨੇ ਰੁਪਿਆ ਤਾਂ ਕੋਈ ਨਾਂ ਦਿਤਾ, ਪਰ ਉਂਜ ਆਦਰ ਮਾਣ ਤੇ ਸੇਵਾ ਕਾਫ਼ੀ ਕੀਤੀ। ਕੁਝ ਸਮਾਂ ਰਾਮਰਾਇ ਲਾਹੌਰ ਰਹਿ ਕੇ ਮੁੜ ਦਿੱਲੀ ਆ ਗਿਆ।

ਕੁਝ ਦਿਨਾਂ ਉਪਰੰਤ ਹੀ ਗੁਰੂ ਹਰਿਰਾਇ ਜੀ ਨੇ ਆਪਣੇ ਛੋਟੇ ਸਪੁਤ੍ਰ ਸ੍ਰੀ ਹਰਿਕ੍ਰਿਸ਼ਨ ਨੂੰ ਗੁਰਗੱਦੀ ਦਾ ਤਿਲਕ ਦਿਤਾ ਅਤੇ ੬ ਅਕਤੂਬਰ, ੧੬੬੧ ਈ: ਨੂੰ ਗੁਰਿਆਈ ਦੇ ਕੇ ਜੋਤੀ ਜੋਤਿ ਸਮਾ ਗਏ। ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਉਮਰ ਇਸ ਸਮੇਂ ਕੇਵਲ ਪੰਜ ਸਾਲ ਦੀ ਸੀ।

# ਕਾਵਿ - ਕਿਆਰੀ

## ਸਾਹਿਬਜ਼ਾਦਾ ਅਜੀਤ ਸਿੰਘ ਮੈਦਾਨ ਏ ਜੰਗ ਵਿਚ

**ਹਜ਼ਾਰਾ ਸਿੰਘ ਮੰਡ**

ਅਜੀਤ ਸਿੰਘ ਰਣ-ਖੇਤਰ ਨੂੰ ਆਉਣ ਲੱਗਾ,
ਮਿਲੇ ਹੁਕਮ ਤੇ ਫੁੱਲ ਚੜਾਉਣ ਦੇ ਲਈ,
ਜਿਹੜੀ ਹੂਰ ਆਜ਼ਾਦੀ ਦਾ ਰਾਹ ਡੱਕਦੀ,
ਹੂਰ ਸਮਝ ਕੇ ਮੌਤ ਵਿਆਹੁਣ ਦੇ ਲਈ।
ਲਾਗੇ ਈ ਮੌਤ ਦੇ ਮੁਗ਼ਲ ਜਰਨੈਲ ਦਿਸ ਪਏ,
ਉਨ੍ਹਾਂ ਉੱਤੇ ਵੀ ਤੇਗ਼ ਅਜ਼ਮਾਉਣ ਦੇ ਲਈ।
ਯੋਧਾ ਆਉਣ ਲੱਗਾ ਮੰਡ ਆਉਣ ਲੱਗਾ,
ਸੱਚ ਸਾਹਮਣੇ ਝੂਠ ਨਿਵਾਉਣ ਦੇ ਲਈ।
ਗੜ੍ਹੀ ਚਮਕੌਰੋਂ ਅਜੀਤ ਸਿੰਘ ਬਾਹਰ ਆਇਆ,
ਪਹਿਲਾਂ ਗੱਜ ਕੇ ਫ਼ਤਹਿ ਬੁਲਾਈ ਉਹਨੇ।
ਫ਼ਰਜ਼ ਪੂਰਤੀ ਲਈ ਜੋ ਲੜ ਰਹੀਆਂ,
ਦੋਹਾਂ ਧਿਰਾਂ ਦੀ ਕੀਤੀ ਵਡਿਆਈ ਉਹਨੇ।
ਲੱਖਾਂ ਵਾਰ ਪ੍ਰਮਾਤਮਾ ਯਾਦ ਕਰ ਕੇ,
ਰਣ ਖੇਤਰ ਨੂੰ ਧੌਣ ਝੁਕਾਈ ਉਨ੍ਹੇ।
ਫਿਰ ਉਹ ਤੇਗ਼ ਮਿਆਨ ਚੋਂ ਧੂਹ ਤੁਰਿਆ,
ਦੁਸ਼ਮਣ ਦਲਾਂ ਤੇ ਏਨੀ ਵਰ੍ਹਾਈ ਉਨ੍ਹੇ।
ਪਲੋ-ਪਲੀ ਰਣ ਖੇਤਰ ਨੂੰ ਲਾਲ ਕੀਤਾ,
ਥਾਂ-ਥਾਂ ਲਹੂ ਦੀ ਨਦੀ ਵਹਾਈ ਉਨ੍ਹੇ।
ਹਿੰਦੂ-ਮੁਸਲਿਮ ਵਿਤਕਰਾ ਨਹੀਂ ਕੀਤਾ,
ਤੇਗ਼ ਆਕੀਆਂ ਉੱਤੇ ਹੀ ਵਾਹੀ ਉਨ੍ਹੇ।
ਲਹੂ ਪੀਣ ਨੂੰ ਜੇ ਭਵਾਨੀ ਆਈ,
ਉਹ ਵੀ ਲਹੂ ਦੇ ਨਾਲ ਰਜਾਈ ਉਨ੍ਹੇ।
ਜਿਹੜੀ ਹੂਰ ਆਜ਼ਾਦੀ ਦਾ ਰਾਹ ਡੱਕਦੀ,
ਹੂਰ ਸਮਝ ਕੇ ਮੌਤ ਵਿਆਹੀ ਉਨ੍ਹੇ।
ਇਕ ਦੋ ਨਹੀਂ ਲੱਖਾਂ ਕਲੋਲ ਕਰ ਕੇ,
ਜੱਫੀ ਝਿਜਕਦੀ ਮੌਤ ਨੂੰ ਪਾਈ ਉਨ੍ਹੇ।
ਦੁਨੀਆਂ ਭਰ ਦੇ ਲਾੜੇ ਹੈਰਾਨ ਹੋ ਗਏ,
ਕੀਤੀ ਇਸ ਤਰ੍ਹਾਂ ਘੁੰਡ ਚੁਕਾਈ ਉਨ੍ਹੇ।।
ਮਰਨਾ ਨਹੀਂ ਮੈਂ ਸਦਾ ਲਈ ਅਮਰ ਹੋਣਾ,
ਗੱਲ ਮੌਤ ਦੇ ਖ਼ਾਨੇ ਬਿਠਾਈ ਉਨ੍ਹੇ।
ਜੀਹਨੂੰ ਪੜ੍ਹ ਕੇ ਚਿੜੀਆਂ ਬਾਜ ਬਣੀਆਂ,
ਅਨਪੜ੍ਹ ਮੰਡ ਤੋਂ ਵਾਰ ਲਿਖਵਾਈ ਉਨ੍ਹੇ।

## ਮਾਤਾ ਭੁਪਿੰਦਰ ਕੌਰ ਜੀ

**ਬਲਵੰਤ ਸਿੰਘ ਵਿਰਕ**

ਮਾਈਆਂ ਉੱਤੇ ਆਪ ਜੀ ਨੇ ਕੀਤੇ ਉਪਕਾਰ।
ਭੁੱਲਦਾ ਨਾ ਮਾਤ ਭੁਪਿੰਦਰ ਦਾ ਪਿਆਰ।

ਸਾਡੇ ਉੱਤੇ ਆਪ ਜੀ ਨੇ ਕੀਤੇ ਉਪਕਾਰ ਸੀ,
ਗੁਰੂ ਜਗਜੀਤ ਜੀ ਨੇ ਲਿਆ ਅਵਤਾਰ ਸੀ।
ਮਹਿਮਾ ਸੀ ਬੇਅੰਤ ਜੀ ਦੀ ਅਪਰ ਅਪਾਰ
ਭੁੱਲਦਾ ਨਾ ਮਾਤ ਭੁਪਿੰਦਰ ਦਾ ਪਿਆਰ।

ਗੁਰੂ ਪ੍ਰਤਾਪ ਜੀ ਤੋਂ ਹੁਕਮ ਕਰਵਾਇਆ ਸੀ,
ਜਪੁ ਪ੍ਰਯੋਗ ਮਾਈਆਂ ਵੱਖਰਾ ਚਲਾਇਆ ਸੀ।
ਜੱਪਦੀਆਂ ਮਾਈਆਂ ਬੈਠ ਨਾਮ ਬੇਸ਼ੁਮਾਰ
ਭੁੱਲਦਾ ਨਾ ਮਾਤ ਭੁਪਿੰਦਰ ਦਾ ਪਿਆਰ।

ਲੰਗਰ ਦਾ ਆਪ ਸੀ ਧਿਆਨ ਸਦਾ ਰੱਖਦੇ,
ਸੇਵਾਦਾਰਾਂ ਤਾਈਂ ਸੀ ਹੁਕਮ ਕਰੀ ਰੱਖਦੇ।
ਚੱਲਦਾ ਰਹੇ ਇਹ ਲੰਗਰ ਲਗਾਤਾਰ।
ਭੁੱਲਦਾ ਨਾ ਮਾਤ ਭੁਪਿੰਦਰ ਦਾ ਪਿਆਰ।

ਲੰਗਰ ਦੇ ਵਿੱਚ ਇੱਕ ਵਾਰੀ ਤੋਟ ਆਈਂ ਸੀ,
ਮਾਤਾ ਜੀ ਨੇ ਛਾਪ ਸਿੱਖਾਂ ਨੂੰ ਫੜ੍ਹਾਈ ਸੀ।
ਕਿਹਾ ਵੇਚ ਕੇ ਤੇ ਕਰੋ ਲੰਗਰ ਤਿਆਰ।
ਭੁੱਲਦਾ ਨਾ ਮਾਤ ਭੁਪਿੰਦਰ ਦਾ ਪਿਆਰ।

ਆਪ ਜੀ ਦੇ ਪੋਤ ਗੁਰੂ ਉਦੇ ਸਿੰਘ ਮੀਤ ਜੀ,
ਸਤਿਗੁਰੂ ਨਾਲ ਸਾਡੀ ਲੱਗੀ ਰਹੇ ਪ੍ਰੀਤ ਜੀ।
ਕਹੇ ਬਲਵੰਤ ਇਹਨਾਂ ਨਾਲ ਹੈ ਬਹਾਰ।
ਭੁੱਲਦਾ ਨਾ ਮਾਤ ਭੁਪਿੰਦਰ ਦਾ ਪਿਆਰ।

# ਸੁੱਚੇ – ਮੋਤੀ

## ਬੁਰੀ ਸੰਗਤ ਤੋਂ ਮੋੜ ਲਿਆਂਦਾ

12 ਜੁਲਾਈ 1978 ਨੂੰ ਲੁਧਿਆਣਾ ਵਿਖੇ ਇੱਕ ਕਾਰਖਾਨੇ ਦੇ ਮੂਹਰੇ ਜਾ ਕੇ ਗੱਡੀ ਰੁਕਵਾਈ। ਇੱਕ ਸਿੰਘ ਦਾ ਨਾਮ ਲੈ ਕੇ ਉਸਨੂੰ ਬਾਹਰ ਆਉਣ ਲਈ ਸੁਨੇਹਾ ਭੇਜਿਆ। ਇੱਕ ਉੱਚਾ ਲੰਮਾ ਜੁਆਨ ਸਿਰ 'ਤੇ ਲਾਲ ਪਗੜੀ ਬੰਨ੍ਹੀ ਆ ਹਾਜ਼ਰ ਹੋਇਆ।

"ਹੁਣ ਛੱਡੀ ਹੈ ਕਿ ਨਹੀਂ?"

"ਛੱਡ ਦਿੱਤੀ ਏ ਸੱਚੇ ਪਾਤਸ਼ਾਹ!"

"ਨਹੀਂ, ਛੱਡੀ ਨਹੀਂ ਲੱਗਦੀ?"

"ਨਹੀਂ ਦੀਨ ਦਿਆਲ, ਹੁਣ ਤਾਂ ਅਸਲੋਂ ਨਹੀਂ!"

"ਅੱਛਾ ਮੈਂ 5-6 ਦਿਨਾਂ ਤੱਕ ਫੇਰ ਵੇਖਾਂਗਾ!"

ਸਿੱਖ ਤਰਲਾ ਲਵੇ- ਇੱਕ ਮਿੰਟ ਮੇਰੇ ਘਰ ਚੱਲੋ। ਸਤਿਗੁਰੂ ਜੀ ਇਨਕਾਰ ਕਰਨ। ਉਹ ਇਸਰਾਰ ਕਰੇ। ਮਿੰਟ 4 ਬੀਤ ਗਏ। ਸਤਿਗੁਰਾਂ ਬਚਨ ਕੀਤਾ- "ਅੱਜ ਨਹੀਂ, ਫੇਰ ਕਦੇ ਆਵਾਂਗਾ।"

ਅਤੇ ਗੱਡੀ ਤੁਰ ਪਈ। ਸਤਿਗੁਰੂ ਜੀ ਦੱਸਿਆ- "ਇਹ ਸਤਿਗੁਰੂ ਤੇ ਸਾਧ ਸੰਗਤ ਤੋਂ ਦੂਰ ਰਹਿਣ ਦੇ ਨਤੀਜੇ ਨੇ। ਸ਼ਰਾਬ ਦਾ ਆਦੀ ਹੋ ਗਿਆ ਏ। ਘਰ ਵਿੱਚ ਸ਼ਰਾਬ ਆ ਵੜੀ ਏ।"

ਏਹੋ ਜਿਹਾ ਇੱਕ ਕੇਸ ਮਹਿੰਦਰ ਸਿੰਘ ਹੁਰਾਂ ਦੇ ਬਣਦੇ ਮਕਾਨ ਕੋਲ ਵੀ ਹੋ ਗਿਆ। ਸਤਿਗੁਰਾਂ ਇੱਕ ਨੌਜਵਾਨ ਨੂੰ ਮੇਰੇ ਨਜ਼ਦੀਕ ਬੁਲਾਇਆ। ਸਾਂਵਲਾ ਰੰਗ, ਉੱਚਾ ਲੰਮਾ ਕੱਦ, ਕਾਲੀ ਦਾੜ੍ਹੀ। ਸਤਿਗੁਰਾਂ ਦੱਸਿਆ- "............ ਦਾ ਲੜਕਾ ਹੈ। ਇਸ ਨੂੰ ਸ਼ਰਾਬ ਦੀ ਲਤ ਪੈ ਗਈ। ਘਰ ਵਾਲਿਆਂ ਮੈਨੂੰ ਸ਼ਕਾਇਤ ਕੀਤੀ ਕਿ ਲੜਕਾ ਬਚਾਓ, ਮਰ ਚੱਲਿਆ ਜੇ। ਮੈਂ ਕਿਹਾ- ਭੈਣੀ ਸਾਹਿਬ ਘੱਲ ਦਿਓ। ਅੱਜ ਇਹਦੇ ਵਿੱਚ ਜਿੰਦ ਹੈ। ਮਹੀਨਾ ਹੋ ਗਿਆ ਏ ਸ਼ਰਾਬ ਦੇ ਨੇੜੇ ਨਹੀਂ ਗਿਆ। ਡੁੱਬ ਚੱਲਿਆ ਸੀ ਸ਼ਰਾਬ ਵਿੱਚ, ਪਰ ਸਤਿਗੁਰਾਂ ਕਿਰਪਾ ਕਰ ਦਿੱਤੀ ਏ। ਲੜਕੇ ਦਾ ਨਾਂ ਗੁਰਦਿਆਲ ਸਿੰਘ ਹੈ।"

## ਆਗੈ ਕਉ ਕਿਛੁ ਤੁਲਹਾ ਬਾਧਉ

21 ਅਗਸਤ 1978 ਨੂੰ ਦਿੱਲੀ ਵਿਖੇ ਵਿਚਾਰ ਚਰਚਾ ਕਰਦਿਆਂ ਸਤਿਗੁਰੂ ਜੀ ਨੇ ਬਚਨ ਕਰਨਾ ਸ਼ੁਰੂ ਕੀਤਾ- ਜੀਵਨ ਤਾਂ ਗੁਜ਼ਾਰਨਾ ਹੀ ਹੈ। ਕੋਈ ਸੜਕ ਦੇ ਕੰਢੇ ਲੰਮਾ ਪੈ ਕੇ ਤੁਰ ਗਿਆ। ਕਿਸੇ ਨੇ ਰਾਜ ਮਹਿਲਾਂ ਦੇ ਸੁੱਖ ਭੋਗਦਿਆਂ ਪ੍ਰਾਣ ਦੇ ਦਿੱਤੇ। ਜਾਣਾ ਸਭ ਲਈ ਜ਼ਰੂਰੀ ਹੈ। ਕਸਟਮ ਕਲੀਅਰ ਹੋਏ ਬਿਨਾ ਤਾਂ ਗਤੀ ਨਹੀਂ ਹੋਣੀ। ਸੋ ਮਨੁੱਖਾਂ ਨੂੰ "ਆਗੈ ਕਉ ਕਿਛੁ ਤੁਲਹਾ ਬਾਧਉ" ਕਥਨ ਅਨੁਸਾਰ ਅੱਗੇ ਲਈ ਕੁਝ ਯਤਨ ਤਾਂ ਕਰਨਾ ਹੀ ਚਾਹੀਦਾ ਹੈ।

## ਮਾਇਆ ਕਿਵੇਂ ਸਫ਼ਲ ਹੋਵੇ?

7 ਅਗਸਤ 1978 ਨੂੰ ਦਿੱਲੀ ਵਿਖੇ ਮਹਾਰਾਜ ਬੀਰ ਸਿੰਘ ਜੀ ਨੂੰ ਸਤਿਗੁਰਾਂ ਦੱਸਿਆ- ਕੱਲ੍ਹ ਇੱਕ ਸੱਜਣ ਆਇਆ। ਉਸਨੇ ਮੱਥਾ ਟੇਕਿਆ। ਮੈਂ ਉਹ ਪਰਵਾਨ ਨਾ ਕੀਤਾ ਤੇ ਸਾਫ਼ ਕਿਹਾ ਕਿ ਜਦ ਤੱਕ ਉਹ ਉਸ ਗ਼ਲਤ ਬਿਲਡਿੰਗ ਵਿੱਚ ਭਾਈਵਾਲ ਹੈ ਤਦ ਤਕ ਮੇਰੇ ਨਾਲ ਗੱਲ ਨਹੀਂ ਬਣਨੀ। ਸਗੋਂ ਜੋ ਲੱਗਾ ਹੈ, ਸੋ ਛੱਡ ਦਿਓ, ਧਰਮ ਦੀ ਕਮਾਈ ਥੋੜ੍ਹੀ ਵੀ ਚੰਗੀ। ਪਰ ਉਹ ਲੈਤੋਲਾਲ ਕਰਦਿਆਂ ਤੁਰ ਗਿਆ ਹੈ। ਮਹਾਰਾਜ ਜੀ ਨੇ ਅੱਗੇ ਗੱਲ ਤੋਰੀ- "ਕਹਿੰਦੇ ਨੇ ਬਿਲਡਿੰਗ ਘਾਟੇ ਵਿੱਚ ਜਾ ਰਹੀ ਹੈ।"

ਸਤਿਗੁਰਾਂ ਸਪੱਸ਼ਟ ਕੀਤਾ- "ਘਾਟੇ ਵਿੱਚ ਜਾਂਦੀ ਹੈ ਕਿ ਨਹੀਂ, ਸੁਆਲ ਇਹ ਨਹੀਂ। ਸੁਆਲ ਹੈ ਕਿ ਘਰ ਵਿੱਚ ਮਾਸ ਸ਼ਰਾਬ ਦੇ ਆ ਜਾਣ ਨਾਲ ਦੁਰਾਚਾਰ ਲਈ ਦਰਵਾਜ਼ੇ ਖੁੱਲ੍ਹ ਗਏ ਹਨ। ਕਿੱਥੇ ਹੈ ਉਹ ਪਹਿਲਾਂ ਵਾਲਾ ਸਾਤਵਿਕ ਜੀਵਨ? ਮਾਇਆ ਨੇ ਭਰਮਾ ਲਿਆ। ਮਾਇਆ ਸਾਧ ਸੰਗਤ ਵਾਲੇ ਪਾਸੇ ਲੱਗੇ ਤਾਂ ਭਲੀ, ਨਹੀਂ ਤਾਂ ਨਰਕਾਂ ਦਾ ਰਾਹ ਪੱਧਰਾ ਕਰਦੀ ਹੈ।"

**ਸੁਖਨ ਏ ਬੇਅੰਤ 'ਚੋਂ**

# ਖ਼ਬਰਨਾਮਾ

## ਨਾਮ ਸਿਮਰਨ ਕੀਰਤਨ ਅਤੇ ਸੇਵਾ ਦਾ ਤ੍ਰਿਬੈਣੀ ਕੁੰਭ ਅੱਸੂ ਦਾ ਮੇਲਾ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੌਜਵਾਨ ਗੁਰੂ ਰੂਪ ਵਿਚ 1906 ਈ. ਨੂੰ ਗੁਰੂ ਨਾਨਕ ਦੇਵ ਜੀ ਦੇ ਅਟੱਲ ਤੇ ਅਚੱਲ ਰਾਜ ਦੇ ਵਾਰਸ ਬਣੇ। ਉਸ ਸਮੇਂ ਸ੍ਰੀ ਭੈਣੀ ਸਾਹਿਬ ਵਿਚ ਪਿਛਲੇ 34 ਸਾਲਾਂ ਤੋਂ ਪੁਲਿਸ ਚੌਂਕੀ ਬੈਠੀ ਹੋਈ ਸੀ। ਗੁਰੂ ਘਰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਸੀ। ਸਰਕਾਰ ਲੰਬੇ ਸਮੇਂ ਤੋਂ ਨਾਮਧਾਰੀਆਂ ਦੀ ਹਰ ਕਾਰਵਾਈ ਨੂੰ ਉਹ ਭਾਂਵੇ ਪੰਥਕ ਪ੍ਰਬੰਧ ਦੀ ਹੋਵੇ ਉਸ ਨੂੰ ਸ਼ੱਕ ਦੀਆਂ ਨਿਗ੍ਹਾ ਨਾਲ ਵੇਖ ਰਹੀ ਸੀ। ਬਹੁਤ ਸਾਰੇ ਸੁਤੰਤਰਤਾ ਪ੍ਰੇਮੀ ਗੁਰੂ ਘਰ ਨਾਲ ਜੁੜੇ ਹੋਏ ਸਨ ਜੋ ਅਕਸਰ ਲੁੱਕ ਛਿਪ ਕੇ ਸ੍ਰੀ ਭੈਣੀ ਸਾਹਿਬ ਪਹੁੰਚਦੇ ਅਤੇ ਸਤਿਗੁਰੂ ਜੀ ਨਾਲ ਅਗਲੇ ਕਾਰਜਾਂ ਲਈ ਸਲਾਹ ਮਸ਼ਵਰਾ ਕਰਦੇ। ਸਤਿਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਪਿਆਰਿਆਂ ਨੇ ਜਿਨ੍ਹਾਂ ਆਜ਼ਾਦੀ ਦਾ ਦੀਵਾ ਆਪਣੀ ਰੱਤ ਪਾ ਜਗਾਇਆ ਸੀ ਉਸ ਨੂੰ ਮਘਦਾ ਰੱਖਣ ਲਈ ਸਤਿਗੁਰੂ ਹਰੀ ਸਿੰਘ ਸੀ ਸਦਾ ਤੱਤਪਰ ਰਹੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਜ਼ਾਦੀ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਕਈ ਅਹਿਮ ਕਾਰਜ ਕੀਤੇ। ਆਜ਼ਾਦੀ ਘੁਲਾਟੀਆਂ ਅਤੇ ਰਾਸਟਰੀ ਅੰਦੋਲਨ ਨੂੰ ਸ੍ਰੀ ਭੈਣੀ ਸਾਹਿਬ ਤੋਂ ਹਮੇਸ਼ਾਂ ਸਹਿਯੋਗ ਮਿਲਿਆ। ਆਜ਼ਾਦੀ ਦੀ ਚਿਣਗ ਜਦੋਂ ਵੀਹਵੀਂ ਸਦੀ ਵਿਚ ਪੂਰੇ ਦੇਸ਼ ਵਿਚ ਭਾਂਬੜ ਬਣ ਗਈ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੱਖਾਂ ਦੇ ਅਧਿਆਤਮਕ ਜੀਵਨ ਨੂੰ ਹੋਰ ਉੱਚਾ ਚੁੱਕਣ ਲਈ ਜਪ ਪ੍ਰਯੋਗ ਦੀ ਆਰੰਭਤਾ ਸਿੱਖਾਂ ਦੇ ਲਈ ਕੀਤੀ।

ਸਤਿਗੁਰੂ ਜੀ ਨੇ ਪਹਿਲਾ ਪ੍ਰਯੋਗ ਸਰਹਿੰਦ ਨਹਿਰ ਕੰਢੇ ਆਰੰਭ ਕੀਤਾ ਆਪ ਜੀ ਨਾਲ ਪੰਡਤ ਬਸੰਤ ਸਿੰਘ ਗੜ੍ਹ ਪਧਾਨੇ ਵਾਲੇ ਸੀ। ਇਹ ਪ੍ਰਯੋਗ ਭਾਦਰੋਂ ਦੇ ਮਹੀਨੇ ਵਿਚ ਆਰੰਭ ਕੀਤਾ ਸੀ ਸਮੇਂ ਦੇ ਨਾਲ ਇਸ ਯੱਗ ਵਿਚ ਸਾਧ ਸੰਗਤ ਜੁੜਦੀ ਗਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਮਾਤਾ ਭੁਪਿੰਦਰ ਕੌਰ ਜੀ ਨੇ ਜਪ ਪ੍ਰਯੋਗ ਵਿਚ ਔਰਤਾਂ ਦੀ ਸ਼ਮੂਹਲੀਅਤ ਪੱਕੀ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਪ੍ਰਯੋਗ ਦੇਸ ਵਿਦੇਸ਼ਾਂ ਤੱਕ ਪਹੁੰਚ ਗਿਆ। ਮੌਜੂਦਾ ਸਮੇਂ ਵਿਚ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਥੱਲੇ ਪੰਜ ਮਹਾਂਦੀਪਾਂ ਵਿਚ ਇਹ ਪ੍ਰਯੋਗ ਚੱਲ ਰਿਹਾ ਹੈ ਜਿਸ ਵਿਚ ਹਜਾਰਾਂ ਨਾਮਧਾਰੀ ਵਿਧੀ ਵੱਤ ਤਰੀਕੇ ਨਾਲ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਪਣੇ ਨੇੜੇ ਦੀ ਧਰਮਸ਼ਾਲਾ ਪਹੁੰਚ ਨਾਮ ਸਿਮਰਨ ਅਤੇ ਗੁਰਬਾਣੀ ਨਾਲ ਜੁੜਦੇ ਹਨ।

ਨਾਮਧਾਰੀ ਸਮਾਜ ਦਾ ਇਹ ਸਭ ਤੋਂ ਵੱਡਾ ਮੇਲਾ ਹੈ। ਇਸ ਸਾਰੇ ਮਹੀਨੇ ਕੁਦਰਤੀ ਜੀਵਨ ਬਤੀਤ ਕਰਨ ਦਾ ਅਹਿਦ ਕੀਤਾ ਜਾਂਦਾ ਹੈ। ਜਲ ਪਾਣੀ ਕੁਦਰਤੀ ਸੋਮਿਆ ਨਦੀਆਂ, ਝਰਨਿਆਂ, ਖੂਹਾ ਦਾ ਵਰਤਿਆਂ ਜਾਂਦਾ ਹੈ ਬਾਜ਼ਾਰੀ ਖਾਣ-ਪੀਣ ਦੀਆਂ ਵਸਤੂਆਂ ਤੋਂ ਦੂਰੀ ਰੱਖੀ ਜਾਂਦੀ ਹੈ। ਸਾਦਾ ਭੋਜਨ, ਥੋੜੀ ਨੀਂਦ ਨਾਮ ਸਿਮਰਨ ਲਈ ਇਕਾਗਰਤਾ ਪ੍ਰਦਾਨ ਕਰਦੀ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਉਮਰ ਦੇ ਇਸ ਪ੍ਰਯੋਗ ਵਿਚ ਸ਼ਮੂਲੀਅਤ ਕਰਦੇ ਹਨ। ਸ੍ਰੀ ਭੈਣੀ ਸਾਹਿਬ ਵਿਚ ਇਹ ਮਹੀਨਾ ਖਾਸ ਜੋਬਨ ਭਰਿਆ ਰਹਿੰਦਾ ਹੈ। ਸ੍ਰੀ ਸਤਿਗੁਰੂ ਜੀ ਮਹੀਨਾਂ ਭਰ ਦਰਸ਼ਨ ਦਿੰਦੇ ਹਨ, ਕਥਾ, ਵਿਚਾਰ, ਕੀਰਤਨ, ਸੇਵਾ ਦਾ ਪ੍ਰਵਾਹ ਚਲਦਾ ਹੈ। ਇਸ ਵਾਰ ਪ੍ਰਯੋਗ ਦਾ ਅਰਦਾਸਾ ਸੋਲਾਂ ਸਤੰਬਰ ਨੂੰ ਸਵੇਰੇ ਤਿੰਨ ਵਜੇ ਆਰੰਭ ਹੋਇਆ। ਗੁਰੂ ਨਾਨਕ ਸਤਿਸੰਗ ਭਵਨ ਵਿਚ ਦੋ ਵਜੇ ਤੋਂ ਸੰਗਤ ਜੁੜਣੀ ਸ਼ੁਰੂ ਹੋ ਗਈ ਸੀ। ਤਕਰੀਬਨ ਛੇ-ਸੱਤ ਹਜ਼ਾਰ ਦੀ ਗਿਣਤੀ ਵਿਚ ਅਰਦਾਸ ਦੇ ਸਮੇਂ ਤੱਕ ਸੰਗਤ ਇਸ ਪੰਡਾਲ ਵਿਚ ਸੱਜ ਚੁੱਕੀ ਸੀ। ਪੂਰੇ ਤਿੰਨ ਵਜੇ ਸੂਬਾ ਬਲਵਿੰਦਰ ਸਿੰਘ ਜੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਅਰਦਾਸ ਆਰੰਭ ਕੀਤੀ।

**ਕੋਠੀ ਵਿਚ ਅਖੰਡ ਪਾਠ:** ਬਣੀ ਹੋਈ ਮਰਿਆਦਾ ਅਨੁਸਾਰ ਬਾਗ ਵਾਲੀ ਕੋਠੀ ਵਿਚ ਪ੍ਰਯੋਗ ਦੀ ਅਰਦਾਸ ਤੋਂ ਇਕ ਦਿਨ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਹ ਪਾਠ ਪੂਰਨ ਸੁਚ ਸੋਧ ਮਰਿਆਦਾ ਅਨੁਸਾਰ ਸ੍ਰੀ ਭੈਣੀ ਸਾਹਿਬ ਦੇ ਪਾਠੀ ਸਿੰਘਾਂ ਪ੍ਰਧਾਨ ਗੁਰਸੇਵਕ ਸਿੰਘ ਦੀ ਅਗੁਆਈ ਹੇਠ ਕੀਤਾ। ਸਤਿਗੁਰੂ ਜੀ ਪ੍ਰਯੋਗ ਵਾਲੇ ਦਿਨ ਪਹਿਲਾ ਅੰਮ੍ਰਿਤ ਵੇਲੇ ਅਰਦਾਸ ਕਰ ਕੋਠੀ ਵਿਚ ਨਿਜੀ ਪ੍ਰਯੋਗ ਆਰੰਭ ਕੀਤਾ। ਫਿਰ ਬਾਹਰ ਪੰਡਾਲ ਵਿਚ ਸੰਗਤ ਨੂੰ ਦਰਸ਼ਨ ਦੇ ਪ੍ਰਯੋਗ ਦੀ ਆਰੰਭਤਾ ਕਰਵਾਈ।

**ਕੀਰਤਨ–** ਸਵੇਰੇ 4 ਵਜੇ ਆਸਾ ਦੀ ਵਾਰ ਸਾਰਾ ਮਹੀਨਾ ਰਾਗੀ ਸਿੰਘਾਂ ਦੇ ਵੱਖ-ਵੱਖ ਜੱਥਿਆਂ ਨੇ ਲਾਈ। ਸੂਰਜ ਦੀ ਟਿੱਕੀ ਨਾਲ ਵਾਰ ਦਾ ਭੋਗ ਪੈਂਦਾ ਸੀ। ਸੰਗਤ

ਚੰਡੀ ਦੀ ਵਾਰ ਦਾ ਪਾਠ ਕਰ ਪ੍ਰਸ਼ਾਦ ਪਾਣੀ ਛੱਕਣ ਜਾਂਦੀ। ਹਰਬੰਸ ਸਿੰਘ ਘੁੱਲਾ, ਰਾਗੀ ਬਲਵੰਤ ਸਿੰਘ, ਡਾ. ਹਰਵਿੰਦਰ ਸਿੰਘ, ਹਰਪ੍ਰੀਤ ਸਿੰਘ (ਸੋਨੂੰ), ਸਰਮੁੱਖ ਸਿੰਘ, ਸਤਨਾਮ ਸਿੰਘ, ਸੰਤਾ ਸਿੰਘ, ਹਰਨਾਮ ਸਿੰਘ, ਬਸੰਤ ਸਿੰਘ (ਤਬਲਾ), ਈਸ਼ਰ ਸਿੰਘ ਆਦਿ ਰਾਗੀ ਸਿੰਘ ਸਾਰਾ ਮਹੀਨਾਂ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਉਂਦੇ ਰਹੇ।

**ਲੰਗਰ–** ਅੰਮ੍ਰਿਤ ਵੇਲੇ ਤੋਂ ਹੀ ਛਰਦਾਈ ਅਤੇ ਗਲੋਅ ਦੇ ਲੰਗਰ ਸੋਧ ਦੇ ਲੰਗਰ ਵਿਚ ਅਰੰਭ ਹੋ ਜਾਂਦੇ ਸਨ। ਪ੍ਰਯੋਗੀ ਸੱਜਣ ਵਾਰੋ-ਵਾਰੀ ਆ ਛਕਦੇ ਜਾਂਦੇ। ਕੜਾਹ ਪ੍ਰਸ਼ਾਦ, ਪ੍ਰਸ਼ਾਦੇ, ਦਾਲਾ, ਮਿਠਾਸ ਅਤੇ ਹੋਰ ਕਈ ਤਰ੍ਹਾਂ ਦੇ ਪਦਾਰਥ ਲੰਗਰ ਵਿਚ ਤਿਆਰ ਹੁੰਦੇ ਰਹੇ। ਸਾਰਾ ਮਹੀਨਾ ਵੱਖ-ਵੱਖ ਪਦਾਰਥਾਂ ਦੀ ਭਰਮਾਰ ਰਹੀ।

**ਕਥਾ ਵਿਚਾਰ–** ਇਸ ਵਾਰ ਦੁਪਹਿਰ ਦੀ ਕਥਾ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੀ। ਪਹਿਲਾ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਾ ਦਿਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਗੁਰਗੱਦੀ ਪ੍ਰਾਪਤੀ ਦਾ ਦਿਨ ਸੀ ਇਸ ਲਈ ਦੋ ਲੈਕਚਰ ਦੁਪਹਿਰ ਵੇਲੇ ਹੋਏ- ਗੁਰਲਾਲ ਸਿੰਘ ਗੁਰੂ ਨਾਨਕ ਦੇਵ ਜੀ ਬਾਰੇ ਬੋਲਿਆ ਅਤੇ ਸੁਵਰਨ ਸਿੰਘ ਵਿਰਕ ਜੀ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਬਾਲਕ ਸਿੰਘ ਜੀ ਦੇ ਮਿਲਾਪ ਬਾਰੇ ਬੋਲੇ।

ਇਸ ਵਾਰੀ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਕਥਾ ਕੀਤੀ ਗਈ। ਵੱਖ-ਵੱਖ ਵਿਦਵਾਨਾਂ ਨੇ ਇਸ ਕਥਾ ਵਿਚਾਰ ਵਿਚ ਹਿੱਸਾ ਲਿਆ। ਗਿਆਨੀ ਸ਼ੇਰ ਸਿੰਘ ਅੰਬਾਲੇ ਵਾਲੇ ਦੀ ਕਥਾ ਕਰਕੇ ਗਏ। ਸ਼ਾਂਤਾ ਨੰਦ ਜੀ ਉਦਾਸੀ ਸੰਪਰਦਾ ਨੇ ਵੀ ਕਥਾ ਵਿਚਾਰ ਦੀ ਸਾਂਝ ਪਾਈ। ਸ੍ਰੀ ਸਤਿਗੁਰੂ ਜੀ ਦਾ ਇਹ ਯਤਨ ਹੈ ਕਿ ਜਦੋਂ ਸਭ ਸੰਪਰਦਾਵਾਂ, ਪੰਥ ਇਕ ਸਿਧਾਂਤ ਨੂੰ ਅਸੀਂ ਮੰਨਣ ਵਾਲੇ ਹਾਂ ਤਾਂ ਰਲ ਮਿਲ ਬੈਠ ਵਿਚਾਰ ਕਰੀਏ ਇਸ ਲਈ ਸ੍ਰੀ ਭੈਣੀ ਸਾਹਿਬ ਦੀ ਸਟੇਜ ਤੋਂ ਵੱਖ-ਵੱਖ ਭੇਖਾਂ ਦੇ ਬੁਲਾਰਿਆਂ ਮਹਾਪੁਰਖਾਂ ਦਾ ਸਦਾ ਸਵਾਗਤ ਕੀਤਾ ਜਾਂਦਾ ਰਿਹਾ ਹੈ। ਸੰਤ ਨਿਸ਼ਾਨ ਸਿੰਘ ਜੀ ਪੰਡਿਤ ਯਾਦਵਿੰਦਰ ਸਿੰਘ, ਜਸਵਿੰਦਰ ਸਿੰਘ ਸ਼ਾਸਤਰੀ, ਸੰਤ ਗੁਰੂਬਚਨ ਸਿੰਘ ਚੰਡੀਗੜ੍ਹ, ਗੁਰਲਾਲ ਸਿੰਘ, ਕਿਰਪਾ ਸਿੰਘ ਆਦਿ ਨਾਮਧਾਰੀ ਬੁਲਾਰਿਆਂ ਨੇ ਕਥਾ ਕੀਤੀ। ਬਾਹਰੋਂ ਵੀ ਵਿਦਵਾਨ ਸੱਜਣ ਹਾਜ਼ਰੀ ਭਰਦੇ ਰਹੇ।

**ਨਾਮ ਸਿਮਰਨ 'ਚ ਧਿਆਨ ਲਾਉਣ ਲਈ ਵੱਖ-ਵੱਖ ਵਿਧੀਆ–** ਇਸ ਸਾਲਾਨਾ ਜਪ ਪ੍ਰਯੋਗ ਦੌਰਾਨ ਸਵੇਰੇ 2.30 ਵਜੇ ਤੋਂ 3 ਵਜੇ ਤਕ ਅਤੇ ਦੁਪਹਿਰ ਨੂੰ 11.30 ਤੋ 12.00 ਵਜੇ ਤਕ ਪ੍ਰਾਣਾਯਾਮ ਦੇ ਆਸਨ ਵੀ ਕਰਵਾਏ ਜਾ ਰਹੇ ਹਨ। ਭਾਰਤ ਦੇ ਰਿਸ਼ੀਆਂ ਮੁਨੀਆਂ ਦੁਆਰਾ ਹਜ਼ਾਰਾਂ ਸਾਲਾਂ ਤੋਂ ਵਰਤੀਆਂ ਜਾ ਰਹੀਆਂ ਇਹਨਾ ਵਿਧੀਆਂ ਰਾਹੀਂ ਮਨ ਨੂੰ ਸ਼ਾਂਤ ਤੇ ਇਕਾਗਰ ਕੀਤਾ ਜਾਂਦਾ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਨਵੇਂ ਤੋ ਨਵੇਂ ਯੰਤਰਾਂ ਦੀ ਵਰਤੋਂ ਨੇ ਸਾਡਾ ਧਿਆਨ ਬਹੁਤ ਖਿੰਡਾਇਆ ਹੋਇਆ ਹੈ। ਨਾਮ ਸਿਮਰਨ ਦੌਰਾਨ ਧਿਆਨ ਨੂੰ ਗੁਰੂ ਚਰਨਾਂ ਵਿਚ ਕੇਂਦਰਿਤ ਕਰਨਾ ਇਕ ਵੱਡਾ ਚੈਲੇਂਜ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਰੋਜ਼ਾਨਾ ਨਾਮ ਸਿਮਰਨ ਵਿੱਚ ਬੈਠਣ ਤੋਂ ਪਹਿਲਾਂ ਇਹ ਆਸਨ ਕੀਤੇ ਜਾ ਰਹੇ ਹਨ। ਸ੍ਰੀ ਰਾਜੇਸ਼ ਮਾਲਵੀਆ, ਪ੍ਰਧਾਨ ਗੁਰਦੇਵ ਸਿੰਘ, ਨਿਸ਼ਾਨ ਸਿੰਘ ਦਿੱਲੀ ਤੇ ਗੁਰਭਗਤ ਸਿੰਘ ਇਸ ਪ੍ਰਣਾਯਾਮ ਦੇ ਪ੍ਰੋਗਰਾਮ ਨੂੰ ਬਾਖੂਬੀ ਨਿਭਾ ਰਹੇ ਹਨ।

**ਸੰਪਾਦਕ**

## ਰਾਏਕੋਟ ਵਾਲੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੇਲਾ

**16 ਅਗਸਤ 2025**

ਦੇਸ ਦੀ ਆਜ਼ਾਦੀ ਲਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਰਾਏਕੋਟ ਦੀ ਧਰਤੀ ਤੇ ਬਣੇ ਇਤਿਹਾਸਿਕ ਗੁਰਦੁਆਰਾ ਟਾਹਲੀਆਲਾ ਸਾਹਿਬ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਦੇ ਹੋਏ ਸ਼ਹੀਦ ਹੋਣ ਵਾਲੇ ਨਾਮਧਾਰੀ ਸ਼ਹੀਦ ਸੰਤ ਗੁਰਮੁਖ ਸਿੰਘ, ਮੰਗਲ ਸਿੰਘ ਅਤੇ ਮਸਤਾਨ ਸਿੰਘ ਦੀ ਨਿੱਘੀ ਯਾਦ ਵਿਚ ਸ਼ਹੀਦੀ ਸਮਾਗਮ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਸ਼ਹੀਦੀ ਸਮਾਰਕ ਰਾਏਕੋਟ ਵਿਖੇ ਮਨਾਇਆ ਗਿਆ। ਮਿਤੀ 16 ਅਗਸਤ 2025 ਦਿਨ ਸ਼ਨੀਵਾਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਨਾਲ ਸਮਾਗਮ ਦੀ ਸ਼ੁਰੂਆਤ ਹੋਈ ਉਪਰੰਤ ਦੀਵਾਨ ਦੀ ਸ਼ੁਰੂਆਤ ਵਿਚ ਜਥੇ. ਜੋਗਾ ਸਿੰਘ ਭੰਗੂਰ, ਜਥੇਦਾਰ ਬਲਦੇਵ ਸਿੰਘ ਲੁਧਿਆਣਾ, ਕਵੀਸ਼ਰ ਦਿਲਬਾਗ ਸਿੰਘ ਵਲਟੋਆ, ਸੂਬਾ ਅਜੀਤ ਸਿੰਘ ਬਟਾਲਾ, ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ, ਸ੍ਰੀ ਭੈਣੀ ਸਾਹਿਬ ਦੀਆਂ ਬੀਬੀਆਂ ਦਾ ਜਥਾ ਅਤੇ ਗਿਆਨੀ ਗੁਰਵਿੰਦਰ ਸਿੰਘ ਮੱਖਣ ਨੇ ਸ਼ਹੀਦਾਂ ਦੀ ਯਾਦ ਵਿਚ ਦੀਵਾਨ ਸਜਾਏ। ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ

ਤਾਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਨਾਮ ਸਿਮਰਨ ਦੀ ਅਰਦਾਸ ਸਮੇਂ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ। ਨਾਮ ਸਿਮਰਨ ਦੀ ਸਮਾਪਤੀ ਉਪਰੰਤ ਜਥੇ. ਨਿਸ਼ਾਨ ਸਿੰਘ ਜੀ ਕਥਾਵਾਚਕ, ਸ. ਅਜੀਤ ਸਿੰਘ ਨਾਮਧਾਰੀ, ਸ. ਭੁਪਿੰਦਰ ਸਿੰਘ ਸਾਵਨ ਕ੍ਰਿਪਾਲ ਵਾਲੇ, ਸੂਬਾ ਬਲਵਿੰਦਰ ਸਿੰਘ ਝੱਲ, ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਸ਼ਹੀਦਾਂ ਨੂੰ ਸ਼ਰਧਾਜਲੀਆਂ ਭੇਂਟ ਕੀਤੀਆਂ। ਬੱਚੇ ਕਾਕਾ ਸੁਰਿੰਦਰ ਸਿੰਘ ਚੱਕ ਕੂਕਿਆਂ ਦੇ ਨੇ ਇਕ ਕਵਿਤਾ ਸੁਣਾਈ, ਸ੍ਰੀ ਸਤਿਗੁਰੂ ਜੀ ਨੇ ਬੀਬੀ ਗੁਰਮੇਲ ਕੌਰ ਪਤਨੀ ਸ. ਸੋਹਨ ਸਿੰਘ ਜੋ ਕਿ ਸ਼ਹੀਦੀ ਸਮਾਰਕ ਤੇ ਸੇਵਾ ਨਿਭਾ ਰਹੇ ਹਨ ਅਤੇ ਹਰਮਨਪ੍ਰੀਤ ਸਿੰਘ ਪੁੱਤਰ ਸ. ਦਰਸ਼ਨ ਸਿੰਘ ਸਿਰੋਪਾਉ ਦੇ ਕੇ ਨਿਵਾਜ਼ਿਆ। ਜੋ ਕਿ ਸ਼ਹੀਦਾਂ ਦੇ ਪਰਿਵਾਰ ਵਿਚੋ ਸਨ। ਸਾਰੇ ਹੀ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਡਾਕਟਰ ਲਖਵੀਰ ਸਿੰਘ ਰਾਮਪੁਰਾਫੂਲ ਨੇ ਬੜੀ ਹੀ ਤਰਤੀਬਵਾਰ ਢੰਗ ਨਾਲ ਨਿਵਾਜੀ। ਰਾਏਕੋਟ ਦੀ ਇਲਾਕਾਂ ਨਿਵਾਸੀ ਸਾਧ ਸੰਗਤ, ਲੁਧਿਆਣੇ ਦੀ ਸੰਗਤ ਨੇ ਸੰਤ ਸੁਰਿੰਦਰ ਸਿੰਘ ਨਾਮਧਾਰੀ, ਸੂਬਾ ਹਰਭਜਨ ਸਿੰਘ ਜੀ ਅਤੇ ਗਿਆਨੀ ਜੋਗਿੰਦਰ ਸਿੰਘ ਦੀ ਅਗਵਾਈ ਵਿਚ, ਮਲੇਰਕੋਟਲਾਂ ਸ਼ਹੀਦੀ ਸਮਾਰਕ ਤੋਂ ਮਹੰਤ ਜੀ ਦਾ ਸਮੁੱਚਾ ਪਰਿਵਾਰ ਅਤੇ ਚਰਨਜੀਤ ਸਿੰਘ ਰਾਏਕੋਟ ਨੇ ਆਪੋ-ਆਪਣੇ ਯੋਗਦਾਨ ਮੇਲੇ ਨੂੰ ਸਫਲ ਬਨਾਉਣ ਲਈ ਪਾਇਆ। ਸਾਧ ਸੰਗਤ ਵਲੋਂ ਨਾਮ ਸਿਮਰਨ ਕਰਕੇ ਅਤੇ ਗੁਰੂ ਕਾ ਹਰਜੱਸ ਸਰਵਨ ਕਰਕੇ ਸ਼ਹੀਦਾਂ ਦੀ ਯਾਦ ਨੂੰ ਆਪਣੇ ਹਿਰਦੇ ਵਿਚੋਂ ਯਾਦ ਕਰਕੇ ਮੇਲੇ ਵਿਚ ਆਪਣਾ ਯੋਗਦਾਨ ਪਾਇਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੇਲੇ ਦੀ ਸਮਾਪਤੀ ਦੀ ਅਰਦਾਸ ਹੋਈ ਅਤੇ ਏਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸ੍ਰੀ ਫਤਿਹਗੜ ਸਾਹਿਬ ਵਿੱਖੇ ਸਲਾਨਾ ਜੱਪ ਪ੍ਰਯੋਗ ਦੀ ਅਰੰਭਤਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖ਼ਸ਼ਿਸ਼ਾਂ ਸਦਕਾ ਹਰ ਸਾਲ ਦੀ ਤਰਾਂ ਨਾਮਧਾਰੀ ਧਰਮਸ਼ਾਲਾ ਸ੍ਰੀ ਫਤਿਹਗੜ੍ਹ ਸਾਹਿਬ ਵਿੱਖੇ ਜੱਪ ਪ੍ਰਯੋਗ ਦੀ ਅਰੰਭਤਾ ਐਤਵਾਰ ੨੪ ਅਗਸਤ ੨੦੨੫ ਨੂੰ ਹੋਈ। ਅੰਮ੍ਰਿਤ ਵੇਲੇ ਸਵੇਰੇ ਅਰਦਾਸ ੩ ਵੱਜੇ ਹੁੰਦੀ ਹੈ ਅਤੇ ੫ ਵੱਜੇ ਤੱਕ ਸਾਧ ਸੰਗਤ ਨਾਮ ਸਿਮਰਨ ਕਰਦੀ ਹੈ। ਕੁਝ ਸਮਾਂ ਔਨ ਲਾਈਨ ਸ੍ਰੀ ਭੈਣੀ ਸਾਹਿਬ ਤੋਂ ਆਸਾ ਦੀ ਵਾਰ ਦਾ ਕੀਰਤਨ ਸਕਰੀਨ ਤੇ ਵੇਖਿਆ ਸੁਣਿਆ ਜਾਂਦਾ ਹੈ। ੭੦ -੭੫ ਤੱਕ ਦੀ ਹਾਜ਼ਰੀ ਹੋ ਜਾਂਦੀ ਹੈ। ੫ ਵੱਜੇ ਅਰਦਾਸ ਤੋਂ ਬਾਅਦ ਫੱਲਾਂ ਦਾ ਪ੍ਰਸ਼ਾਦ ਅਤੇ ਸ਼ਰਦਾਈ ਛਕਾਈ ਜਾਦੀ ਹੈ ।

**ਸੂਬਾ ਸਵਿੰਦਰ ਸਿੰਘ**

........................................................

## ਕੈਲਗਿਰੀ ਵਿਖੇ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਵਰ੍ਹੇ ਦਾ ਸਮਾਗਮ

ਦੇਸ਼ ਵਿਦੇਸ਼ ਵਿਚ ਵੱਸਦੀਆਂ ਸਿੱਖ ਸੰਗਤਾਂ ਨੋਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਵਰ੍ਹੇ ਤੇ ਉਹਨਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਮਨ੍ਹਾ ਰਹੀ ਹੈ। ਏਸੇ ਹੀ ਮਨੋਰਥ ਨੂੰ ਮੁੱਖ ਰੱਖਦੇ ਹੋਏ ਕੈਨੇਡਾ ਦੀ ਧਰਤੀ ਤੇ ਵਸੇ ਕੈਲਗਿਰੀ ਸ਼ਹਿਰ ਦੀ ਸਾਧ ਸੰਗਤ ਨੇ ਉੱਦਮ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਸਮਾਗਮ ਕਰਵਾਇਆ। ਜਿਸ ਵਿਚ ਉਚੇਚੇ ਤੌਰ ਤੇ ਭਾਰਤ ਤੋਂ ਗਏ ਹੋਏ ਜਥੇ. ਗੁਰਲਾਲ ਸਿੰਘ ਭੈਣੀ ਸਾਹਿਬ ਨੇ ਦੀਵਾਨ ਸਜਾਇਆ। ਹਰ ਮਹੀਨੇ ਚੱਲ ਰਹੇ ਨਾਮ ਸਿਮਰਨ ਦੇ ਪ੍ਰੋਗਰਾਮ ਮੁਤਾਬਿਕ ਸਾਧ ਸੰਗਤ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਨਾਮ ਸਿਮਰਨ ਕੀਤਾ। ਜਥੇਦਾਰ ਗੁਰਲਾਲ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਾਹਦਰ ਜੀ ਦਾ ਇਤਿਹਾਸ ਤਕਰੀਬਨ 2 ਘੰਟੇ ਲਗਾਤਾਰ ਸਾਧ ਸੰਗਤ ਨੂੰ ਸੁਣਾ ਕੇ ਨਿਹਾਲ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਭਾਈ ਮਤੀਦਾਸ, ਸਤੀਦਾਸ ਅਤੇ ਭਾਈ ਦਿਆਲੇ ਦੀ ਸ਼ਹਾਦਤ ਨੂੰ ਵੀ ਵਿਸਥਾਰ ਪੂਰਵਕ ਸੰਗਤ ਸਾਹਵੇ ਪੇਸ਼ ਕੀਤਾ। ਕੈਲਗਿਰੀ ਦੀ ਸਾਧ ਸੰਗਤ ਨੇ ਬਹੁਤ ਹੀ ਉਤਸ਼ਾਹ ਨਾਲ ਸਮੇਤ ਪਰਿਵਾਰਾਂ ਇਸ ਸਮਾਗਮ ਵਿੱਚ ਹਾਜ਼ਰੀ ਭਰੀ। ਸਾਧ ਸੰਗਤ ਅਤੇ ਪ੍ਰਬੰਧਕਾਂ ਵਲੋਂ ਸੱਦਾ ਦੇਣ ਤੇ ਇਸ ਸਮਾਗਮ ਵਿਚ ਕੈਲਗਿਰੀ ਦੇ ਇਲਾਕਾ ਚੈਸਟਮੇਅਰ ਦੀ ਡਿਪਟੀ ਮੇਅਰ ਬੀਬੀ ਕਿਰਨ ਰੰਧਾਵਾ ਅਤੇ ਸਰਬ ਖਾਲਸਾ ਸੰਗੀਤ ਸੁਸਾਇਟੀ ਦੇ ਪ੍ਰਧਾਨ ਸ. ਹਰਜੀਤ ਸਿੰਘ ਖਾਲਸਾ ਨੇ ਵੀ ਹਜ਼ਾਰੀ ਭਰੀ ਅਤੇ ਨਾਮਧਾਰੀ ਸੰਗਤ ਕੈਲਗਿਰੀ ਵਲੋਂ ਸ੍ਰੀ

ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਕਰਵਾਏ ਗਏ ਸਮਾਗਮ ਦੀ ਸਲਾਘਾਂ ਕੀਤੀ ਅਤੇ ਆਖਿਆ ਕਿ ਸਾਡੀ ਨੌਜਵਾਨ ਪੀੜ੍ਹੀ ਅਤੇ ਛੋਟੇ ਬੱਚਿਆਂ ਨੂੰ ਇਸ ਮਹਾਨ ਸ਼ਹਾਦਤ ਨੂੰ ਯਾਦ ਕਰਵਾਉਣ ਦਾ ਇਹ ਇਕ ਵੱਡਾ ਉਪਰਾਲਾ ਹੈ ਜੋ ਨਾਮਧਾਰੀ ਸੰਗਤ ਕੈਲਗਿਰੀ ਵਲੋਂ ਕੀਤਾ ਗਿਆ ਹੈ। ਸ. ਜਸਪਿੰਦਰ ਸਿੰਘ ਦੀ ਅਗਵਾਈ ਵਿਚ ਕੀਤੇ ਇਸ ਸਮਾਗਮ ਸਮੇਂ ਲੰਗਰ ਦੀ ਸੇਵਾ ਸ. ਬਸੰਤ ਸਿਮਘ ਸੰਧੂ, ਜਗਦੀਪ ਸਿੰਘ ਬਾਜਵਾ ਅਤੇ ਜਸਕਰਨ ਸਿੰਘ ਢਿਲੋਂ ਵਲੋਂ ਨਿਭਾਈ ਗਈ।

ਸਮੁੱਚੇ ਪ੍ਰੋਗਰਾਮ ਸਮੇਂ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ. ਲਵਪ੍ਰੀਤ ਸਿੰਘ ਨਾਮਧਾਰੀ ਨੇ ਸੁਚੱਜੇ ਢੰਗ ਨਾਲ ਨਿਭਾਈ। ਕੈਲਗਿਰੀ ਦੀ ਸਾਰੀ ਸਾਧ ਸੰਗਤ ਨੇ ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਵਿਚ ਆਪਣਾ ਯੋਗਦਾਨ ਪਾਇਆ ਜਿਸ ਕਰਕੇ ਇਹ ਸਾਰਾ ਪ੍ਰੋਗਰਾਮ ਯਾਦਗਾਰੀ ਬਣ ਗਿਆ।

**ਜਸਪਿੰਦਰ ਸਿੰਘ ਨਿਓਟਾ**

.................................................................

## ਸਤਿਗੁਰੂ ਰਾਮ ਸਿੰਘ ਜੀ ਚੌਂਕ ਦਾ ਨਾਮ ਰੱਖਿਆ ਗਿਆ

ਐਲਨਾਬਾਦ, (ਸਿਰਸਾ-ਹਰਿਆਣਾ) 23 ਸਤੰਬਰ 2025 ਅੱਜ ਇਥੇ ਸ਼ਹਿਰ ਦੇ ਇਕ ਚੌਂਕ, ਟਿੱਬੀ ਚੌਂਕ ਦਾ ਨਵਾਂ ਨਾਮ, ਸਤਿਗੁਰੂ ਰਾਮ ਸਿੰਘ ਚੌਂਕ ਰੱਖਦਿਆਂ ਹੋਇਆ, ਸੂਚਨਾ ਪੱਟੀ ਤੋਂ ਪਰਦਾ ਹਟਾਉਣ ਦੀ ਰਸਮ, ਇਤਿਹਾਸਕਾਰ ਅਤੇ ਕਿਸਾਨ ਆਗੂ ਕਾ. ਸ਼ੁਵਰਨ ਸਿੰਘ ਵਿਰਕ ਨੇ ਅਦਾ ਕੀਤੀ। ਇਸ ਮੌਕੇ ਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ, ਪੰਚਾਇਤ ਦੇ ਮੈਂਬਰ, ਐਲਨਾਬਾਦ ਅਤੇ ਇਲਾਕੇ ਦੀ ਨਾਮਧਾਰੀ ਸੰਗਤ ਵੀ ਕਾਫੀ ਗਿਣਤੀ ਵਿਚ ਮੌਜੂਦ ਸੀ। ਯਾਦ ਰਹੇ ਕਿ ਕੋਈ ਦੋ ਢਾਈ ਦਹਾਕੇ ਪਹਿਲਾਂ ਸ. ਬਲੀ ਸਿੰਘ ਗੋਰਾਇਆ ਅਤੇ ਲੋਕ ਪੰਚਾਇਤ ਦੇ ਹੋਰ ਮੈਂਬਰਾਂ ਨੇ ਇਸ ਚੌਂਕ ਦਾ ਨਾਮ 'ਸਤਿਗੁਰੂ ਰਾਮ ਸਿੰਘ ਚੌਂਕ' ਰੱਖੇ ਜਾਣ ਦਾ ਮਤਾ, ਉਸ ਸਮੇਂ ਦੀ ਨਗਰ ਪਾਲਿਕਾ ਨੂੰ ਦਿੱਤਾ ਸੀ। ਹੁਣ ਜਦੋਂ ਸਰਬਜੀਤ ਸਿੰਘ ਸਿੱਧੂ ਅਤੇ ਗੁਰਦੀਪ ਸਿੰਘ ਗੋਰਾਇਆ ਨੇ ਇਸ ਸੰਬੰਧੀ ਨਵੇਂ ਸਿਰਿਉਂ ਚਾਰਾਜੋਈ ਕੀਤੀ ਤਾਂ ਉਹ ਮਤਾ ਵੀ ਮਿਲ ਗਿਆ ਅਤੇ ਪਰਸ਼ਾਸ਼ਨ ਦਾ ਹੁੰਗਾਰ ਵੀ ਹਾਂ ਪੱਖੀ ਸੀ। ਨਾਮਕਰਣ ਤੋਂ ਪਹਿਲਾਂ ਸ੍ਰੀ ਗੁਰਮੀਤ




ਸਿੰਘ ਚਾਨਾ ਨੇ ਅਰਦਾਸ ਕੀਤੀ ਅਤੇ ਸਰਬਜੀਤ ਸਿੰਘ ਸਿੱਧੂ ਨੇ ਮੰਚ ਸੰਚਾਲਨ ਕਰਦਿਆਂ, ਸਤਿਗੁਰੂ ਰਾਮ ਸਿੰਘ ਚੌਂਕ ਦੀ ਜ਼ਰੂਰਤ ਦਾ ਅਹਿਸਾਸ ਕਰਵਾਉਂਦਿਆਂ ਇਸ ਨੂੰ ਦੇਰ ਨਾਲ ਚੁੱਕਿਆ ਸਹੀ ਕਦਮ ਆਖਿਆ। ਕਾ. ਸੁਵਰਨ ਸਿੰਘ ਵਿਰਕ ਨੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਆਰੰਭੇ ਕੂਕਾ ਅੰਦੋਲਨ ਦੇ ਮਹੱਤਵ ਨੂੰ ਉਘੜਦਿਆਂ, ਉਹਨਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਅਜੋਕੇ ਦੌਰ ਦੇ ਸਾਮਰਾਜ ਵਿਰੋਧੀ ਸੰਘਰਸ਼ਾਂ ਲਈ ਪ੍ਰੇਰਣਾਦਾਇਕ ਦੱਸਿਆ। ਚੌਂਕ ਦਾ ਨਿਰਮਾਣ ਕਰਕੇ ਕਿਰਤੱਗ ਰਾਸ਼ਟਰ ਸਤਿਗੁਰੂ ਜੀ ਪ੍ਰਤੀ ਆਪਣੀ ਅਕੀਦਤ ਦਾ ਪ੍ਰਗਟਾਵਾ ਕਰੇਗਾ।

ਇਸ ਮੌਕੇ ਤੇ ਹੋਈ ਸਭਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮਹਾਨ ਕਾਰਜਾਂ ਅਤੇ ਉੱਤਮ ਵਿਚਾਰਾਂ ਬਾਰੇ, ਕਾਮਰੇਡ ਸੁਰਜੀਤ ਸਿੰਘ, ਗੁਰਦੀਪ ਸਿੰਘ ਗੋਰਾਇਆ, ਸੁਰਿੰਦਰ ਸਿੰਘ ਸਿੱਧੂ, ਗੁਰਵਿੰਦਰ ਸਿੰਘ ਭੱਟੀ, ਡਾਕਟਰ ਨਿਰਵੈਰ ਸਿੰਘ ਸਰਪੰਚ, ਗੁਰਮੇਲ ਸਿੰਘ ਸਰਪੰਚ, ਸੇਵਾ ਸਿੰਘ ਮਸੇਰਾਂ, ਮਾ. ਗੁਰਮੇਜ ਸਿੰਘ ਸਿੱਧੂ, ਹਰਦੇਵ ਸਿੰਘ ਪੁਰੇਵਾਲ, ਪ੍ਰੀਤਪਾਲ ਸਿੱਧੂ, ਗੁਰਮੀਤ ਸਿੰਘ ਚਾਨਾ, ਹਰਦਿਆਲ ਸਿੰਘ ਰਾਣੀਆਂ ਵਾਲੇ, ਸੁਖਦੇਵ ਸਿੰਘ ਕਰੀਵਾਲਾ, ਸਰਪੰਚ ਜਤਿੰਦਰ ਸਿੰਘ ਪ੍ਰਤਾਪ ਨਗਰ, ਬਲਰਾਜ ਸਿੰਘ ਕੂਕਾ, ਅਨੂਪ ਸਿੰਘ ਸਮਸੇਵਾਲਾ, ਕਾ. ਗੁਰਦੀਪ ਸਿੰਘ, ਕਾ. ਬਲਵਿੰਦਰ ਸਿੰਘ, ਮੱਖਣ ਸਿੰਘ ਹੰਜਰਾ ਇਤਿਆਦਿਕ ਨੇ ਵਿਚਾਰ ਪ੍ਰਗਟ ਕਰਦਿਆਂ, ਆਪਣੇ ਮਹਾਨ ਇਤਿਹਾਸ ਦੀ ਨਿਸ਼ਾਨੀ ਕਾਇਮ ਰੱਖਣ ਵਾਲੇ ਇਸ ਯਾਦਗਾਰੀ ਚੌਂਕ ਦੀ ਉਸਾਰੀ ਵਿਚ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਵਿਸ਼ਵਾਸ਼ ਦੁਆਇਆ।

**ਸਰਬਜੀਤ ਸਿੰਘ ਸਿੱਧੂ**

.................................................................

# ਓਵਕਿ ਨਿਬਹੀ ਪ੍ਰੀਤ

20-8-25 ਦਿਨ ਬੁੱਧਵਾਰ ਨਾਮਧਾਰੀ ਧਰਮ ਸ਼ਾਲਾ ਪੁਰਾਨਾ ਹਮੀਦਾ ਵਿਖੇ ਮਾਤਾ ਜਸਵਿੰਦਰ ਕੌਰ ਨਮਿਤ



ਰੱਖੇ ਸਧਾਰਨ ਪਾਠ ਦਾ ਭੋਗ ਪਾਇਆ ਗਿਆ। ਮਾਤਾ ਜੀ ਜੋ ਕਿ ਕੁਝ ਦਿਨ ਸਰੀਰਕ ਤੌਰ ਤੇ ਢਿਲੇ ਮੱਠੇ ਹੋਏ ਤੇ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਅਕਾਲ ਪੁਰਖ ਦੇ ਚਰਨ ਵਿਚ 82 ਕੁ ਸਾਲ ਦੀ ਉਮਰ ਭੋਗ ਕੇ ਜਾ ਬਿਰਾਜੇ।

ਮਾਤਾ ਜੀ ਦਾ ਜਨਮ ਪਿੰਡ ਕਿਆਂਮਪੁਰ ਜ਼ਿਲ੍ਹਾ ਸਿਆਲਕੋਟ ਤਹਸੀਲ ਨਾਰੋਵਾਲ ਵਿਖੇ ਮਾਤਾ ਸੁਖਵੰਤ ਕੌਰ ਤੇ ਪਿਤਾ ਜਥੇਦਾਰ ਕਰਤਾਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਪਾਕਿਸਤਾਨ ਦੀ ਵੰਡ ਪਿਛੋ ਆਪ ਜੀ ਦਾ ਪਰਿਵਾਰ ਮੁਕੇਰੀਆ ਦੇ ਨੇੜੇ ਪਿੰਡ ਮਹਿਮੂਦ ਪੁਰ ਵਿਚ ਆ ਕੇ ਵਸ ਗਿਆ ਤੇ ਉਸ ਤੋਂ ਕੁਝ ਸਮਾਂ ਬਿਤਾ ਕੇ ਆਪ ਜੀ ਦਾ ਪਰਿਵਾਰ ਜਮਨਾ ਨਗਰ ਵਿਚ ਵੱਸ ਗਿਆ। ਇਥੇ ਹੀ ਆਪ ਜੀ ਨੇ ਆਪਣਾ ਬਚਪਨ ਜਵਾਨੀ ਤੇ ਅਖੀਰਲਾ ਸਮਾਂ ਬਤੀਤ ਕੀਤਾ।

ਗ੍ਰਹਿਸਤ ਜੀਵਨ ਦੀ ਅਰੰਭਤਾ ਵਾਸਤੇ ਆਪ ਜੀ ਦਾ ਅਨੰਦ ਕਾਰਜ ਜਥੇਦਾਰ ਸੂਬਾ ਸੇਵਾ ਸਿੰਘ ਜੀ ਜਮਨਾ ਨਗਰ ਵਾਲੇ ਦੇ ਛੋਟੇ ਭਰਾ ਸੰਤ ਸੁਰਿੰਦਰ ਸਿੰਘ ਨਾਲ ਹੋਇਆ ਤੇ ਸਮੇਂ ਅਨੁਸਾਰ ਇੰਨਾ ਘਰ ਇਕ ਲੜਕੀ ਕੁਲਦੀਪ ਕੌਰ ਦੋ ਦੋ ਲੜਕੇ ਵੱਡਾ ਕੰਵਲਜੀਤ ਸਿੰਘ ਤੇ ਛੋਟਾ ਹਰਭਜਨ ਸਿੰਘ ਹੋਇਆ। ਅੱਜ ਇਹ ਪਰਿਵਾਰ ਸਤਿਗੁਰੂ ਜੀ ਦੇ ਚਰਨਾ ਨਾਲ ਜੁੜਿਆ ਹੋਇਆ ਪੂਰਾ ਗੁਰਸਿੱਖੀ ਜੀਵਨ ਸੁਖੀ ਬਤੀਤ ਕਰ ਰਿਹਾ।

ਜਥੇ. ਨਿਸ਼ਾਨ ਸਿੰਘ ਦਿੱਲੀ ਵਾਲੇ ਉਚੇਚੇ ਤੌਰ ਤੇ ਪੁੱਜੇ ਸੀ ਤੇ ਉਹਨਾਂ ਨੇ ਗੁਰਬਾਣੀ ਦੇ ਅਨੇਕਾਂ ਹੀ ਪ੍ਰਮਾਣ ਦੇ ਕੇ ਦੀਵਾਨ ਸਜਾਇਆ। ਸਲੋਕ ਪੜ੍ਹਨ ਉਪਰੰਤ ਗੁਰਚਰਨ ਸਿੰਘ ਨੇ ਸ਼ਰਧਾਜਲੀ ਦਿੰਦਿਆ ਕੁਝ ਸ਼ਬਦ ਬੋਲੇ। ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਜਥੇਦਾਰ ਨਿਸ਼ਾਨ ਸਿੰਘ ਨੇ ਕੀਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ**

.................................................

## ਸੰਤ ਹਜਾਰਾ ਸਿੰਘ ਕੰਧਾਲਾ ਦੀ ਯਾਦ 'ਚ ਮੇਲਾ

ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ 21 ਸਤੰਬਰ 2025 ਦਿਨ ਐਤਵਾਰ ਜਪ ਪ੍ਰਯੋਗ ਦੌਰਾਨ ਸੰਤ ਹਜਾਰਾ ਸਿੰਘ ਦੀ ਯਾਦ ਵਿਚ ਸਮੂਹ ਕੰਧਾਲਾ ਪਰਿਵਾਰ ਵਲੋਂ ਵੱਡਾ ਮੇਲਾ ਮਨਾਇਆ ਗਿਆ। ਸੰਤ ਹਜਾਰਾ ਸਿੰਘ ਜੀ ਦਾ



ਪਿਛਲਾ ਪਿੰਡ ਪਾਕਿਸਤਾਨ ਵਿਚ ਕੰਧਾਲਾ ਸੀ ਤੇ ਵੰਡ ਦੇ ਮਗਰੋਂ ਆਪ ਜੀ ਦਾ ਸਾਰਾ ਪਰਿਵਾਰ ਜਮਨਾ ਨਗਰ ਆ ਕੇ ਵੱਸ ਗਿਆ। ਇਨ੍ਹਾਂ ਦੇ ਪਰਿਵਾਰ ਵਿਚੋਂ ਸੰਤ ਤਰਲੋਕ ਸਿੰਘ, ਸੁਖਦੇਵ ਸਿੰਘ, ਮੋਹਨ ਸਿੰਘ, ਕਿਰਪਾਲ ਸਿੰਘ ਇਨ੍ਹਾਂ ਦੇ ਸਪੁੱਤਰ ਜਮਨਾ ਨਗਰ ਵਿਚ ਆਪਣੇ ਪਰਿਵਾਰਾਂ ਸਮੇਤ ਸੁੱਖੀ ਜੀਵਨ ਬਤੀਤ ਕਰ ਰਹੇ ਹਨ।

ਸੂਬਾ ਸੰਦੀਪ ਸਿੰਘ ਕਰੀਵਾਲਾ ਵਾਲੇ ਉਚੇਚੇ ਤੌਰ ਤੇ ਪੁੱਜੇ ਸਨ। ਉਹਨਾਂ ਤੋਂ ਇਲਾਵਾ ਸੰਤ ਸਤਨਾਮ ਸਿੰਘ ਸ੍ਰੀ ਭੈਣੀ ਸਾਹਿਬ ਵਾਲੇ ਆਪਣੇ ਜਥੇ ਸਮੇਤ ਪਹੁੰਚੇ ਸਨ। ਸਵੇਰੇ ਚਾਰ ਵਜੇ ਸੂਬਾ ਬਲਦੇਵ ਸਿੰਘ ਜੱਪ ਪ੍ਰਯੋਗ ਦੀ ਅਰਦਾਸ ਕੀਤੀ ਨਾਲ ਹੀ ਸੰਤ ਸਤਨਾਮ ਸਿੰਘ ਤੇ ਆਸਾ ਦੀ ਵਾਰ ਆਪਣੇ ਜਥੇ ਸਮੇਤ ਉੱਚੀਆਂ ਸੁਰਾਂ ਨਾਲ ਆਰੰਭ ਕੀਤਾ ਤੇ ਠੀਕ 5:30 ਤੱਕ ਬੜਾ ਆਨੰਦ ਮਈ ਵਾਰਾ ਲਗਾਇਆ। ਦੀਵਾਨ ਦੀ ਸਮਾਪਤੀ ਉਪਰੰਤ ਸੂਬਾ ਜੀ ਨੇ ਅਰਦਾਸ ਕੀਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ**

.................................................

## ਪਟਨਾ ਸਾਹਿਬ ਤੋਂ ਨਗਰ ਕੀਰਤਨ ਰਵਾਨਾ ਹੋਇਆ

ਸ੍ਰੀ ਭੈਣੀ ਸਾਹਿਬ ਵਿਖੇ ਹਿਸਟੋਰੀਅਨ ਸਿਮਰ ਸਿੰਘ ਅਤੇ ਨਾਭਾ ਦੇ ਐਮ.ਐਲ.ਏ ਦੇਵਮਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਤਖਤ ਪਟਨਾ ਸਾਹਿਬ, ਬਿਹਾਰ ਵਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਜਾਗਰਤੀ ਯਾਤਰਾ, (ਨਗਰ ਕੀਰਤਨ) ਵਿਚ ਦਰਸ਼ਨ ਦੇਣ ਲਈ ਸੱਦਾ ਪੱਤਰ ਦੇਣ ਆਏ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਤ ਨਿਸ਼ਾਨ ਸਿੰਘ ਜੀ ਅਤੇ ਗੁਰਭਗਤ ਸਿੰਘ ਸ੍ਰੀ ਭੈਣੀ ਸਾਹਿਬ ਅਤੇ ਹਜਾਰੀ ਬਾਗ ਤੋਂ ਮਹੰਤ ਸਰਬਜੀਤ ਸਿੰਘ ਪਟਨਾ ਸਾਹਿਬ ਪਹੁੰਚੇ। ਇਹ ਨਗਰ ਕੀਰਤਨ 17 ਸਤੰਬਰ ਗੁਰਦੁਆਰਾ ਗੁਰੂ ਕੇ ਬਾਗ ਤੋਂ ਸ਼ੁਰੂ ਹੋ ਕੇ ਨੌ ਰਾਜਾਂ ਵਿਚੋਂ ਹੁੰਦਾ ਹੋਇਆ ਅਨੰਦਪੁਰ ਸਾਹਿਬ ਆ ਕੇ ਸਮਾਪਤ ਹੋਵੇਗਾ। ਇਸ ਦੌਰਾਨ ਸਿੱਖ ਪੰਥ ਦੀਆ ਕਈ ਮਹਾਨ ਸ਼ਖ਼ਸੀਅਤਾਂ ਪਹੁੰਚੀਆਂ। ਸੰਤ ਨਿਸ਼ਾਨ ਸਿੰਘ ਜੀ ਦੇ ਸਤਿਗੁਰੂ ਉਦੇ ਸਿੰਘ ਜੀ ਦੁਆਰਾ ਭੇਜੀਆ ਬਖਸ਼ਿਸ਼ਾ ਤੇ ਸਿਰੋਪਾਓ ਜਥੇਦਾਰ ਗਿਆਨੀ ਬਲਦੇਵ ਸਿੰਘ ਹੁਰਾਂ ਨੂੰ ਭੇਂਟ ਕੀਤਾ। ਸੰਤ ਨਿਸ਼ਾਨ ਸਿੰਘ ਹੁਰਾਂ ਨੂੰ ਤਖਤ ਸਾਹਿਬ ਤੋਂ ਸਿਰਪਾਓ ਭੇਂਟ ਕੀਤਾ ਗਿਆ। ਨਗਰ ਕੀਰਤਨ ਦੀ ਸ਼ੁਰੂਆਤ ਵੇਲੇ ਪੰਜ ਪਿਆਰੇ ਸਹਿਬਾਨਾਂ ਨੂੰ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੂੰ ਸਤਿਗੁਰੂ ਜੀ ਦੀ ਬਖਸ਼ਿਸ਼ ਰੂਪੀ ਸਿਰੋਪਾਓ ਸੰਤ ਨਿਸ਼ਾਨ ਸਿੰਘ ਜੀ ਨੇ ਭੇਂਟ ਕੀਤੇ। ਮਸ਼ਹੂਰ ਗਾਇਕ ਸੁਖਵਿੰਦਰ ਸੁੱਖੀ ਦਾ ਵੀ ਸਨਮਾਨ ਕੀਤਾ ਗਿਆ। ਸੰਤ ਕਸ਼ਮੀਰਾ ਸਿੰਘ ਭੂਰੀ ਵਾਲਿਆਂ ਨੂੰ ਵੀ ਸਿਰਪਾਓ ਭੇਂਟ ਕੀਤਾ ਗਿਆ ਤੇ ਗੁਰਮਤਿ ਵਿਚਾਰਾਂ ਹੋਈਆਂ।

ਸਮੂਹ ਪ੍ਰਬੰਧਕ ਕਮੇਟੀ ਅਤੇ ਸੰਤ ਭੂਰੀ ਵਾਲਿਆਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਬੇਨਤੀ ਕਰਨ ਲਿਆ ਕਿਹਾ ਕਿ ਸਤਿਗੁਰੂ ਜੀ ਸੰਗਤਾਂ ਨਾਲ ਆ ਕੇ ਦਰਸ਼ਨ ਦੇਣ ਅਤੇ ਕਥਾ ਕੀਰਤਨ ਦਾ ਪ੍ਰਵਾਹ ਚੱਲੇ। ਇਹ ਨਗਰ ਕੀਰਤਨ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਹੈ। ਇਸ ਸਮੇਂ ਵੱਖ-ਵੱਖ ਸ਼ਖ਼ਸੀਅਤਾਂ ਨਾਲ ਮੇਲ ਮਿਲਾਪ ਹੋਇਆ ਜਿਵੇਂ-

**ਸਿੰਘ ਸਾਹਿਬ ਜ: ਅਤੇ ਹੈੱਡ ਗ੍ਰੰਥੀ ਗਿਆਨੀ ਬਲਦੇਵ ਸਿੰਘ, ਗਿਆਨੀ ਸੁਖਦੇਵ ਸਿੰਘ ਕਥਾਵਾਚਕ, ਜਸਬੀਰ ਸਿੰਘ ਧਾਮ, ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ ਜਗਜੋਤ ਸਿੰਘ, ਜ. ਸ. ਇੰਦਰਜੀਤ ਸਿੰਘ, ਮੈਨੇਜਰ ਹਰਜੀਤ ਸਿੰਘ, ਭਾਈ ਦਿਆਲਾ ਜੀ ਦਾ ਪਰਿਵਾਰ, ਭਾਈ ਮਤੀਦਾਸ, ਸਤੀਦਾਸ ਜੀ ਦਾ ਪਰਿਵਾਰ, ਭਾਈ ਰੂਪਚੰਦ ਜੀ ਦਾ ਪਰਿਵਾਰ, ਬੈਨੀਪਾਲ, ਬਾਬਾ ਬਲਬੀਰ ਸਿੰਘ 96 ਕਰੋੜੀ, ਗੁਰਮੀਤ ਸਿੰਘ ਖੋਸਾ ਕੋਟਲਾ, ਅਨਭੋਲ ਸਿੰਘ ਦੀਵਾਨਾ, ਸਿਮਰ ਸਿੰਘ ਹਿਸਟੋਰੀਅਨ** ਆਦਿ ਇਹਨਾਂ ਸੱਜਣਾਂ ਨਾਲ ਗੁਰਮਤਿ ਵਿਚਾਰਾਂ ਹੋਈਆ ਤੇ ਸਿਰੋਪਾਓ ਭੇਂਟ ਕੀਤੇ ਗਏ। ਸ਼ਹੀਦ ਸਿੰਘਾਂ ਦੇ ਪਰਿਵਾਰਾਂ ਵਲੋਂ ਸਤਿਗੁਰੂ ਜੀ ਦੀਆਂ ਨਿਸ਼ਾਨੀਆਂ ਤੇ ਹੁਕਮਨਾਮਿਆਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਗਏ। **ਸਹਿ ਸੰਪਾਦਕ**

.......................................................

## Matrimonial

**Name : Bahara Singh**
Age : 25
Height : 5'11
Profession: Baroda bank employee+ kuka cloth house (cloth megamart ) owner
Monthly Average income : 1,25,000
Hobies: Singing, Badminto , Travelling
Contact- -9416348507

.......................................................

**Name:- Gurpreet Singh**
Surname:- Hardoi
Father Name :- Nahar singh
Mother Name:- Raj Kaur
Dob :- 01/10/2002
Education:- Diploma in Electrical Engineering
Village:- Kuttabadh (Sirsa)
Working :- Job as a Bim engineer
Income per Month:- 60,000/-
Contact- -9992144791 -8168060618

.......................................................

# ਸੂਬਾ ਮੋਹਕਮ ਸਿੰਘ ਜੀ ਦੇ ਭੋਗ ਸਮਾਗਮ ਦੀਆਂ ਤਸਵੀਰਾਂ

ਮਿਤੀ: 21 ਸਤੰਬਰ 2025






## ਲੰਗਰ ਸੇਵਾ

### ਜਪ ਪ੍ਰਯੋਗ











Date of Publication: 06 October 2025
Date of Posting: 08 October 2025

RNI NO.55658/93
LDM/008/2021-2023

# ਕਥਾ ਵਿਚਾਰ








**Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.**